# ਰੂਹਾਨੀ ਟੈਲੀਫੋਨ

ਨਿਧਾਨ ਸਿੰਘ ਆਲਿਮ

Namdhari Elibrary NamdhariElibrary@gmail.com

Namdhari Elibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

# ਰੂਹਾਨੀ ਟੈਲੀਫ਼ੋਨ

## (Spiritual Telephone)

ਨਾਮਧਾਰੀ ਦਰਬਾਰ

ਸ੍ਰੀ ਭੈਣੀ ਸਾਹਿਬ (ਪੰਜਾਬ)

Namdhari Elibrary NamdhariElibrary@gmail.com

ROOHANI TELEPHONE

*BY*

SANT NIDHAN SINGH ALIM

*Copyright :*

ਨਾਮਧਾਰੀ ਦਰਬਾਰ

ਕੀਮਤ : 60 ਰੁਪਏ

ਪਹਿਲੀ ਵਾਰ : 1956

ਦੂਸਰੀ ਵਾਰ : 2014

ਟਾਈਪ ਸੈਟਿੰਗ -

**CANDCON_INC, DELHI**

ਛਾਪਕ :

**Montoo Offset**

**New Delhi**

ਪ੍ਰਕਾਸ਼ਕ :

**ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ,**

**ਲੁਧਿਆਣਾ (ਪੰਜਾਬ)-141126**

Namdhari Elibrary NamdhariElibrary@gmail.com

# ਸਮਰਪਣ

ਸਤਿਕਾਰ ਸਹਿਤ ਉਨ੍ਹਾਂ ਪ੍ਰੇਮੀਆਂ ਗੁਰਸਿੱਖਾਂ ਅਰ ਭਗਤਾਂ ਦੀ ਸੇਵਾ

ਵਿਖੇ ਸਮਰਪਿਤ, ਜੋ ਗੁਰਦੇਵ ਜੀ ਦੇ ਚਰਨ ਕਮਲਾਂ ਦੀ

ਮੌਜ ਮਾਨਣ ਅਤੇ ਅੰਦਰਲੀ ਆਵਾਜ਼

ਸੁਨਣ ਦੀ ਖਿੱਚ ਰਖਦੇ ਹਨ।

Namdhari Elibrary NamdhariElibrary@gmail.com

# ਤਤਕਰਾ

ਬੇਨਤੀ ....... 5

ਬੇਬੇ ਨਾਨਕੀ ....... 7

ਰਾਏ ਬੁਲਾਰ ਦਾ ਪ੍ਰੇਮ ....... 17

ਕਸ਼ਮੀਰ ਦੀ ਮਾਈ ....... 23

ਦ੍ਰੋਪਤੀ ਦੀ ਕੂਕ ....... 31

ਭਾਈ ਮਹਾਂ ਸਿੰਘ ਜੀ ....... 39

ਬਿਦਰ ਪਤਨੀ ਦਾ ਚੱਰਿਤ੍ਰ ....... 45

ਭਾਈ ਤ੍ਰਲੋਕੇ ਦੀ ਅਰਦਾਸ ....... 55

ਚੀਨੀ ਵਾਲੇ ਦੇ ਦਰਸ਼ਨ ....... 58

ਰਾਏ ਸਿੰਘ ਦਾ ਫ਼ੋਨ ....... 60

ਪ੍ਰੇਮ ਮੀਮਾਂਸਾ ....... 65

ਕੁਝ ਕਵਿਤਾਵਾਂ ....... 70

Namdhari Elibrary NamdhariElibrary@gmail.com

# ਬੇਨਤੀ

"ਟੈਲੀਫੋਨ" ਇਕ ਵਿਗਜਾਨਕ ਯੰਤ੍ਰ ਦਾ ਨਾਉਂ ਹੈ। ਇਸ ਸਮੇਂ ਦੇ ਬਹੁਤ ਮਨੁੱਖ ਇਸ ਤੋਂ ਅਗਜਾਤ ਹਨ। ਸ੍ਰਕਾਰੀ ਤੇ ਬੇ-ਸ੍ਰਕਾਰੀ ਦਫਤਰਾਂ . ਮੰਡੀਆਂ ਅਤੇ ਅਮੀਰਾਂ ਦੇ ਅਨੇਕਾਂ ਮਕਾਨਾਂ ਅਰ ਦੁਕਾਨਾਂ ਵਿਚ ਜੰਤ੍ਰ ਮੌਜੂਦ ਰਹਿੰਦਾ ਹੈ। ਇਕ ਚਰਖੜੀ ਜੇਹੀ ਤੇ ਗੋਲਾਕਾਰ ਘੇਰੇ ਅੰਦਰ ਅੰਗਰੇਜ਼ੀ ਹਿੰਦਸਿਆਂ ਵਿਚ ਇਕ ਤੋਂ ਨੌਂ ਅਤੇ ਸਿਫ਼ਰ ਤਕ ਅੰਕੜੇ ਪਏ ਹੁੰਦੇ ਹਨ। ਕੋਲ ਕੰਨ ਨਾਲ ਲਾ ਕੇ ਸੁਣਨ ਵਾਲਾ ਇਕ ਸਨਦ ਪਿਆ ਹੁੰਦਾ ਹੈ, ਜਿਸ ਨੂੰ ਰਸੀਵਰ ਆਖਿਆ ਜਾਂਦਾ ਹੈ। ਪਾਸ ਹੀ ਇਕ ਪੁਸਤਕ ਹੁੰਦੀ ਹੈ ਜਿਸ ਨੂੰ "ਡਾਇਰੈਕਟਰੀ" ਕਹਿੰਦੇ ਹਨ। ਉਸ ਵਿਚ ਉਨ੍ਹਾਂ ਸਾਰਿਆਂ ਮਕਾਨਾਂ ਦੁਕਾਨਾਂ ਅਰ ਇਮਾਰਤਾਂ ਦੇ ਮਾਲਿਕਾਂ ਦੇ ਨਾਵਾਂ ਦਾ ਤਤਰਕਾ ਦਿਤਾ ਹੁੰਦਾ ਹੈ, ਜਿਨ੍ਹਾਂ ਨੂੰ "ਟੈਲੀਫੋਨ" ਮਿਲਿਆ ਹੋਇਆ ਹੋਵੇ। ਉਨ੍ਹਾਂ ਨਾਵਾਂ ਦੇ ਸਾਹਮਣੇ ਨੰਬਰ ਹੁੰਦੇ ਹਨ। ਜਿਸ ਸੱਜਨ ਨੂੰ ਫ਼ੋਨ ਕਰਨਾ ਹੋਵੇ ਉਸਦਾ ਨਾਉਂ - ਡਾਇਰੈਕਟਰੀ ਤੋਂ ਵੇਖ ਕੇ ਨੰਬਰ ਨੋਟ ਕਰਨਾ ਪੈਂਦਾ ਹੈ। ਉਸ ਨੰਬਰ ਨੂੰ ਜੰਤ੍ਰ ਰਾਹੀਂ ਰਿੰਗ ਕਰਦਿਆਂ ਹੋਇਆਂ ਸਬੰਧਿਤ ਸੱਜਨ ਨੂੰ ਪੁਕਾਰੀਦਾ ਹੈ। ਜਿਸ ਤਰ੍ਹਾਂ ਅਸਾਂ ਜਿਸ ਨਾਲ ਗੱਲ ਕਰਨੀ ਹੈ, ਉਸ ਦਾ ਨੰਬਰ ੮੦੯ ਹੈ, ਤਾਂ ਅਸੀਂ ਉਸ ਚਰਖੜੀ ਤੇ ਪਏ ਹੋਏ ਅੰਕਾਂ ਨੂੰ ਇਉਂ ਚੱਕਰ ਦੇਵਾਂਗੇ। ਪਹਿਲਾਂ ੮ ਨੂੰ ਭੁਆ ਕੇ ਉਪਰੰਤ ਸਿਫ਼ਰ ਅਰ ਉਸ ਤੋਂ ਪਿਛੋਂ ੯ ਨੂੰ ਚੱਕਰ ਦੇਵਾਂਗੇ। ਓਸੇ ਵੇਲੇ ਅਗਲੇ ਮਕਾਨ ਉਤੇ ਫ਼ੋਨ ਦੀ ਘੰਟੀ ਖੜਕ ਪਵੇਗੀ- ਟਨ-ਟਨ-ਟਨ-ਟਨ। ਘੰਟੀ ਸੁਣ ਕੇ ਘਰ ਦਾ ਸਬੰਧਿਤ ਆਦਮੀ ਰਸੀਵਰ ਨੂੰ ਕੰਨ ਨਾਲ ਲੈ ਕੇ ਝਟ ਪਟ ਬੋਲ ਉਠੇਗਾ- "ਹੈਲੋ ਹੈਲੋ" ਆਪ ਕੌਣ ਸਾਹਿਬ ਹੋ ਜੀ ? ਕਿਥੋਂ ਬੋਲ ਰਹੇ ਹੋ ? ਕੀ ਹੁਕਮ ਹੈ ?" ਆਦਿ। ਛੇੜਕ ਦੁਤਰਫੀ ਗੱਲਾਂ ਸ਼ੁਰੂ ਹੋ ਜਾਣਗੀਆਂ। ਇਹ ਪ੍ਰਾਕ੍ਰਿਤਕ ਵਿਗਜਾਨ (ਅਥਵਾ ਅਧਿਭੂਤਕ ਸਾਇੰਸ) ਦਾ ਇਕ ਨਗੂਣਾ ਜਿਹਾ ਚੰਮਤਕਾਰ ਹੈ। ਐਨ ਏਸੇ ਤਰ੍ਹਾਂ ਅਧਿਆਤਮ ਵਿਗਜਾਨ ਹੈ। ਇਸ ਦਾ ਸਬੰਧ ਅਧਿਆਤਮਕ ਵਿਅਕਤੀਆਂ ਨਾਲ ਸੰਗਠਿਤ ਹੈ। ਅੰਗਰੇਜ਼ੀ ਬੋਲੀ ਵਿਚ ਅਸੀਂ ਇਸ ਨੂੰ "ਸੰਪਿਰਚੂਅਲ ਫ਼ੋਨ" ਦੇ ਨਾਉਂ ਨਾਲ ਪੁਕਾਰਾਂਗੇ ਅਤੇ ਉਰਦੂ ਅੰਗਰੇਜ਼ੀ ਦੇ ਜਾਣਕਾਰ "ਰੂਹਾਨੀ ਟੈਲੀਫ਼ੋਨ" ਕਹਿ ਕੇ ਪੁਕਾਰਨਗੇ। ਇਹ ਵਿਗਜਾਨ ਭੂਤਕ ਨਾਲੋਂ ਬਹੁਤ ਵੱਖਰਾ ਹੈ। ਪਰ ਭੂਤਕ ਵਿਗਜਾਨੀ (ਐਕਸਟਰਨਲ ਸਾਇੰਟਿਸਟ) ਤਦ ਤਕ ਇਸ ਨੂੰ ਸਮਝਣ ਤੋਂ ਅਸਮ੍ਰਥ ਹਨ, ਜਦ ਤਕ ਉਹ ਅਧਿਆਤਮ



Namdhari Elibrary NamdhariElibrary@gmail.com

ਈਵਿਗਯਾਨ ਦੇ ਜਾਣਕਾਰ ਨਹੀਂ ਹੋ ਜਾਂਦੇ। ਹਰ ਸ਼ੈ ਦੀ ਆਪਣੀ ਆਪਣੀ ਸਾਇੰਸ ਹੈ। ਇਕ ਸਿਖ ਆਪਣੇ ਗੁਰਦੇਵ ਨਾਲ ਗੱਲਾਂ ਕਰਨ ਦੇ ਮੰਤਵ ਨਾਲ ਪੁਰਸ਼ਾਰਥ ਕਰਦਾ ਹੈ। ਕਿਸੇ ਪੂਰੇ ਗੁਰੂ ਦੀ ਅਗਵਾਈ ਵਿਚ ਫ਼ੋਨ ਕਰਨ ਦੀ ਜਾਚ ਸਿੱਖਣ, ਡਾਇਰੈਕਟਰੀ ਦੇਖਣ, ਅਤੇ ਨੰਬਰ ਰਿੰਗ ਕਰਨ ਦੀ ਟ੍ਰੇਨਿੰਗ ਜ਼ਰੂਰੀ ਹੈ।

ਅਜੇਹੇ ਜਗਜਾਸੂਆਂ ਬਾਬਤ ਗੁਰਬਾਣੀ ਵਿਚ ਅਇਆ ਹੈ-

**"ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ॥**
**ਤਿਨਾ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥**
**ਓਥੈ ਅੰਮ੍ਰਿਤੁ ਵੰਡੀਐ ਕਰਮੀ ਹੋਇ ਪਸਾਉ॥"**

"ਸੁਰਤੇ" ਸ਼ਬਦ ਦਾ ਅਰਥ ਹੈ, ਉਸ ਫ਼ੋਨ (ਅੰਦਰ ਦੀ ਅਵਾਜ਼) ਨੂੰ ਸੁਣਨ ਦਾ ਸ਼ੌਕ ਰਖਣ ਵਾਲੇ ਗੁਰਮੁਖ ਪਿਆਰੇ ਜੋ ਸ਼ਬਦ ਸੁਰਤ ਦੇ ਅਭਿਲਾਸ਼ੀ ਹਨ, ਉਨ੍ਹਾਂ ਦਾ ਨਿੱਤ ਦਾ ਪ੍ਰੋਗਰਾਮ ਰਾਤ ਦੇ ਚੌਥੇ ਪਹਿਰ (ਅੰਮ੍ਰਿਤ ਵੇਲੇ) ਉੱਠ ਦੇ ਦਰਜਾਵਾਂ, ਨਦੀਆਂ ਅਰ ਚਸ਼ਮਿਆਂ ਵਲ ਜਾਣਾ ਅਤੇ ਸੌਚ ਦਿਸ਼ਾ ਉਪ੍ਰੰਤ ਇਸ਼ਨਾਨ ਕਰਦਿਆਂ ਪ੍ਰੀਤਮ ਚਰਨਾਂ ਦੇ ਨਾਲ ਤਦ ਰੂਪ ਹੋ ਜਾਣਾ ਹੈ। ਭਾਵ ਰੂਹਾਨੀ ਫ਼ੋਨ ਸੁਣਨ ਦੇ ਅਭਿਲਾਖੀ ਸਿੱਖ ਪ੍ਰੀਤਮ ਜੀ ਦੇ ਚਰਨ ਕਮਲਾਂ ਨਾਲ ਸੁਰਤ ਨੂੰ ਜੋੜਦੇ ਹੋਏ ਮਾਨੋ ਨੰਬਰ ਰਿੰਗ ਕਰਦੇ ਹਨ। ਜਦੋਂ ਸੁਰਤ ਚਾਰ ਚੁਫੇਰਿਓਂ ਕੰਟਰੋਲੀ ਜਾ ਕੇ ਚਰਨ ਕਮਲਾਂ ਵਿਚ ਕੇਂਦ੍ਰਿਤ ਹੁੰਦੀ ਹੈ, ਜਿਸ ਨੂੰ ਅੰਗਰੇਜ਼ੀ ਵਾਲੇ ਸੈਂਟਰੇਲਾਈਜ਼ੇਸ਼ਨ ਕਹਿੰਦੇ ਹਨ ਤਾਂ ਪ੍ਰੀਤਮ ਜੀ ਦਾ ਰਿਦਾ ਦ੍ਰਵੀਭੂਤ ਹੋ ਕੇ ਉਸ ਵਿਚ "ਟਨ-ਟਨ-ਟਨ" ਦੀ ਘੰਟੀ ਖੜਕਦੀ ਹੈ। ਏਸ ਤਰ੍ਹਾਂ ਪ੍ਰੇਮੀ ਅਤੇ ਪ੍ਰੀਤਮ ਅਧਯਾਤਮ ਫ਼ੋਨ ਰਾਹੀਂ ਇਕ ਦੂਜੇ ਨਾਲ ਹਮਕਲਾਮ ਹੁੰਦੇ ਹਨ। ਸਾਡਾ ਅਧਿਆਤਮਿਕ ਇਤਿਹਾਸ ਅਜੇਹੀਆਂ ਘਟਨਾਵਾਂ ਨਾਲ ਭਰਿਆ ਪਿਆ ਹੈ। ਇਸ ਛੋਟੇ ਜਿੰਨੇ ਟ੍ਰੈਕਟ ਅੰਦਰ ਅਜੇਹੀਆਂ ਕੁਛ ਕੁ ਕਥਾਵਾਂ ਦਾ ਗਦਜ ਅਤੇ ਪਦਜ, ਦੁਹਾਂ ਦੁਆਰਾ ਸੰਖੇਪ ਵਰਨਨ ਕੀਤਾ ਗਿਆ ਹੈ। ਜਿਨ੍ਹਾਂ ਤੋਂ ਪਰਗਟ ਹੁੰਦਾ ਹੈ ਕਿ ਸਾਡੇ ਵੱਡਿਕੇ ਕਿਵੇਂ ਫ਼ੋਨ ਕਰਦੇ ਅਤੇ ਆਪਣੀ ਅੰਦਰ ਦੀ ਖਿਚ ਨਾਲ ਪ੍ਰੀਤਮ ਨੂੰ ਖਿੱਚ ਲਿਆ ਕਰਦੇ ਸਨ। ਉਹ ਕਿਵੇਂ ਦਰਸ਼ਨ ਕਰਦੇ ਹੋਏ ਚਰਨਾਂ ਨੂੰ ਪਰਸਦੇ ਅਤੇ ਹਰਸ਼ (ਪ੍ਰਸੰਨਤਾ ਅਥਵਾ ਖੇੜਾ) ਪ੍ਰਾਪਤ ਕੀਤਾ ਕਰਦੇ ਸਨ।

ਇਹ ਸੰਚੀ ਪ੍ਰੇਮੀਆਂ ਦੇ ਹੱਥਾਂ ਦੇ ਕੇ ਲੇਖਕ ਨੂੰ ਬਹੁਤ ਪ੍ਰਸੰਨਤਾ ਹੋ ਰਹੀ ਹੈ। ਮੇਰਾ ਵਿਚਾਰ ਹੈ ਕਿ ਇਸ ਤੋਂ ਕਈ ਸੱਜਨਾਂ ਨੂੰ ਲਾਭ ਪ੍ਰਾਪਤ ਹੋਵੇਗਾ।

ਲੇਖਕ- ਨਿਧਾਨ ਸਿੰਘ "ਆਲਿਮ"

**1956**

ਲੁਧਿਆਣਾ।

Namdhari Elibrary NamdhariElibrary@gmail.com

ੴ

(੧)

# ਬੇਬੇ ਨਾਨਕੀ

ਬੇਬੇ ਨਾਨਕੀ ਜੀ ਸ੍ਰੀ ਗੁਰੂ ਨਾਨਕ ਨਿਰੰਕਾਰੀ ਦੇ ਵਡੇ ਭੈਣ ਜੀ ਸਨ। ਆਪ ਸ੍ਰੀ ਗੁਰੂ ਨਾਨਕ ਦੇਵ ਨੂੰ ਭਰਾ ਕਰ ਕੇ ਨਹੀਂ, ਸਗੋਂ ਪ੍ਰਮੇਸ਼ਰ ਹੀ ਸਮਝਦੇ ਸਨ। ਆਪ ਦਾ ਇਹ ਨਿਸਚਾ ਏਸ ਕਵਿਤਾ ਤੋਂ ਪ੍ਰਤੱਖ ਹੈ ਜੋ ਹੇਠਾਂ ਦਰਜ ਹੈ।

ਇਕ ਵਾਰ ਸ੍ਰੀ ਗੁਰਦੇਵ ਜੀ ਢਾਈ ਤਿੰਨ ਸਾਲ ਦੀ ਉਡਾਰੀ ਪਿਛੋਂ ਪਿੰਡ ਵਲ ਪਰਤੇ। ਘਰ ਪੁਜਦਿਆਂ ਹੀ ਨਗਰੀ ਵਿਚ ਆਪ ਦੇ ਆਗਮਨ ਦੀ ਤਾਰ ਬਿਜਲੀ ਵਾਂਗ ਸਾਰੇ ਨੱਗਰ ਵਿਚ ਫਿਰ ਗਈ। ਸਭ ਦਰਸ਼ਨ ਅਭਿਲਾਸ਼ੀ ਹੁਮ ਹੁਮਾ ਕੇ ਪੁਜੇ। ਦਰਸ਼ਨ ਕਰ ਕੇ ਕਲੇਜੇ ਠੰਢ ਪਈ। ਮਾਤਾ ਪਿਤਾ ਅਤੇ ਭੈਣ ਜੀ ਨੇ ਉਸ ਸਮੇਂ ਜੋ ਪ੍ਰੇਮ ਕੀਤਾ, ਉਹ ਇਨ੍ਹਾਂ ਅੱਖਰਾਂ ਤੋਂ ਪ੍ਰਗਟ ਹੈ :-

*ਹੋ ਗਿਆ ਦਰਸ਼ਨ ਕਲੇਜੇ ਠੰਢ ਸਭ ਦੇ ਪੈ ਗਈ।*
*ਸਾਗਰ ਖੁਸ਼ੀ ਦਾ ਉਮਡਿਆ ਦੁੱਖਾਂ ਦੀ ਢੇਰੀ ਢਹਿ ਗਈ।*
*ਮਾਤਾ ਜੀ ਲਾਵਣ ਪੁਤ ਨੂੰ ਘੁਟ ਕੇ ਕਲੇਜੇ ਨਾਲ ਜੀ।*
*ਮੁਖੜਾ ਨਾ ਚੁੰਮਦੇ ਰਜਦੇ ਆਖਣ ਸੁਣੋ ਖਾਂ ਲਾਲ ਜੀ।*
*ਦੁਨੀਆਂ ਨੂੰ ਫਿਰਦੇ ਤਾਰਦੇ ਤੇ ਬਖ਼ਸ਼ਦੇ ਦੀਦਾਰ ਹੋ।*
*ਅੰਮੀ ਨੂੰ ਅਪਣੇ ਹਿਜਰ ਵਿਚ ਕਿਉਂ ਰਖਦੇ ਬੀਮਾਰ ਹੋ।*
*ਭੈਣ ਜੀ ਦਾ ਦਿਲ ਸਦਾ ਰਹੇ ਦਰਸ਼ਨਾਂ ਨੂੰ ਤਰਸਦਾ।*
*ਯਾਦ ਤੈਂਡੀ ਵਿਚ ਰਹੇ ਅੱਖਾਂ ਚੋਂ ਪਾਣੀ ਬਰਸਦਾ।*



Namdhari Elibrary NamdhariElibrary@gmail.com

ਵੈਰਾਗ ਵਿਚ ਰਹਿੰਦੀ ਸਦਾ ਲੜ ਲਾਈ ਜੋ ਸੁਲੱਖਣੀ।
ਉਸ ਨੂੰ ਵੀ ਤੈਂਡਾ ਆਸਰਾ ਚਾਹੀਦੀ ਸੋਝੀ ਰਖਣੀ।
ਲਖਮੀ ਸ੍ਰੀ ਚੰਦ ਏਹ ਜੋ ਦੋਵੇਂ ਛੋਟੇ ਛੋਟੇ ਬਾਲ ਨੇ।
ਸੁਖਣਾਂ ਸੁਖਦੀ ਨੂੰ ਲੱਧੇ ਦੋ ਅਮੋਲਕ ਲਾਲ ਨੇ।
ਏਨ੍ਹਾਂ ਦੇ ਵੱਲ ਵੀ ਰੱਖਣਾਂ ਚਾਹੀਦਾ ਬੇਟਾ ਧਿਆਨ ਹੈ,
ਪੁੱਤਾਂ ਦੇ ਨਾਲ ਹੀ ਰੌਣਕਾਂ ਪੁੱਤਾਂ ਦੇ ਨਾਲ ਜਹਾਨ ਹੈ।
ਤ੍ਰਿਪਤਾ ਅਜੇ ਤ੍ਰਿਪਤੀ ਨ ਸੀ ਕਾਲੂ ਨੇ ਸੀਨੇ ਲਾ ਲਿਆ,
ਪੁੱਤ੍ਰ ਦਾ ਮੁਖੜਾ ਚੁੰਮਿਆਂ ਨੈਣਾਂ ਚੋ ਨੀਰ ਵਹਾ ਲਿਆ।
ਨਾਨਕ ਮੈਂ ਤੇਰਾ ਬਾਪ ਹਾਂ ਮੈਨੂੰ ਵੀ ਦਰਸ਼ਨ ਦਿਆ ਕਰ,
ਅੱਖਾਂ ਦਾ ਮੇਰਾ ਨੂਰ ਤੂੰ ਮੇਰੀ ਵੀ ਸੋਝੀ ਲਿਆ ਕਰ।
ਨਾਨਕੀ ਕਰਕੇ ਮੁਖ਼ਾਤਿਬ ਸਭ ਨੂੰ ਆਖੇ ਗੱਲ ਏ,
ਜਿਸ ਦੇ ਵਿਛੋੜੇ ਦਾ ਤੁਸਾਨੂੰ ਸਭ ਨੂੰ ਰਹਿੰਦਾ ਸਲ ਏ।
ਪੁੱਤ੍ਰ ਨਹੀਂ ਬਾਬਲ ਦਾ ਨਾਂ ਅੰਮੀ ਨੇ ਇਸ ਨੂੰ ਜਾਇਆ ਏ,
ਏਹ ਖ਼ੁਦ ਨਰਾਇਣ ਕਲਾਧਾਰ ਬਣ ਰੂਪ ਨਾਨਕ ਆਇਆ ਏ।
ਸਾਰੇ ਨੇ ਪੁੱਤ੍ਰ ਏਸ ਦੇ ਇਕੋ ਇਹ ਸਭ ਦਾ ਬਾਪ ਹੈ,
ਸਾਰੀ ਹੈ ਰਚਨਾਂ ਏਸ ਦੀ ਮਾਲਿਕ ਘਟਾਂ ਦਾ ਆਪ ਹੈ।
ਭਗਤਾਂ ਦੀ ਭਗਤੀ ਵੇਖ ਕੇ ਨੌਕਰ ਕਿਤੇ ਬਣ ਜਾਂਵਦਾ,
ਮਾਇਆ ਦਾ ਪਰਦਾ ਪਾ ਕਿਤੇ ਕੇਲੇ ਦੇ ਛਿੱਲੜ ਖਾਂਵਦਾ।
ਲੈ ਮਜੂਰੀ ਪ੍ਰੇਮ ਦੀ ਨਾਮੇਂ ਦੀ ਛੰਨ ਬਨ੍ਹਾਂਵਦਾ,
ਸੈਣੇਂ ਦਾ ਧਰ ਕੇ ਰੂਪ ਏਹ ਰਾਜੇ ਦਾ ਕੁਸ਼ਟ ਹਟਾਂਵਦਾ।
ਧੰਨੇਂ ਦੀ ਸਰਧਾ ਦੇਖ ਕੇ ਪੱਥਰ ਚੋਂ ਪਰਗਟ ਹੋ ਗਿਆ,
ਜਿੱਥੇ ਬਿਠਾਇਆ ਬਹਿ ਗਿਆ ਖਲਿਹਾਰਿਆ ਤੇ ਖਲੋ ਗਿਆ।
ਏਹ ਰੂਪ ਧਰ ਕੇ ਰਾਮ ਦਾ ਸ਼ਵਰੀ ਨੂੰ ਕਿਧਰੇ ਤਾਰਦਾ,
ਕਿਧਰੇ ਚਬਾ ਤੰਦਲ ਸੁਦਾਮੇਂ ਦੇ ਮਹੱਲ ਉਸਾਰਦਾ।

Namdhari Elibrary NamdhariElibrary@gmail.com

*ਆਦਿ ਅੰਤ ਅਵਤਾਰ ਇਕੋ ਰੂਪ ਕਈ ਬਦਲਾਂਵਦਾ,*
*ਜੋਤੀ ਤੇ ਜੁਗਤੀ ਇਕ ਹੀ ਕਾਇਆ ਹੈ ਫਿਰ ਪਲਟਾਂਵਦਾ।*

## ਫੁਲਕੇ ਦਾ ਨਿਉਂਦਾ

ਇਕ ਵਾਰ ਬੇਬੇ ਨਾਨਕੀ ਜੀ ਆਪਣੇ ਘਰ ਰਸੋਈ ਤਿਆਰ ਕਰ ਰਹੇ ਸਨ। ਜਦ ਪਹਿਲਾ ਫੁਲਕਾ ਤਵੇ ਤੇ ਪਾਇਆ ਤਾਂ ਉਹ ਬਹੁਤ ਸੋਹਣਾਂ ਫੁੱਲਿਆ। ਬੇਬੇ ਜੀ ਦੇ ਦਿਲ ਵਿਚ ਫੁਰਨਾਂ ਹੋਇਆ ਕਿ ਇਹ ਫੁਲਕਾ ਤਾਂ ਮੇਰੇ ਨਿਰੰਕਾਰੀ ਵੀਰ ਦੇ ਛਕਣ ਯੋਗ ਹੈ, ਪ੍ਰੰਤੂ ਕੀ ਪਤਾ ਕਿ ਐਸ ਵੇਲੇ ਉਹ ਕਿਥੇ ਹੋਣ। ਫੇਰ ਵਿਚਾਰ ਆਈ ਕਿ ਉਨ੍ਹਾਂ ਦਾ ਮੇਰੇ ਨਾਲ ਇਕਰਾਰ ਹੈ, ਕਿ ਭੈਣ ਜੀ ! ਜਦੋਂ ਪ੍ਰੇਮ ਦੀ ਤਾਰ ਭੇਜੋਗੇ ਹਾਜ਼ਰ ਹੋਣ ਵਿਚ ਢਿੱਲ ਨਹੀਂ ਕਰਸਾਂ। ਏਸ ਲਈ ਪ੍ਰੇਮ ਵਿਚ ਮਗਨ ਹੋ ਕੇ ਤੇ ਖੜਕਾਈ ਤਾਰ। ਇਹ ਪ੍ਰਸੰਗ ਇਸ ਪ੍ਰਕਾਰ ਹੈ:-

*ਤਿਆਰ ਕਰਦੇ ਸਨ ਰਸੋਈ ਖ਼ੂਬ ਫੁਲਕਾ ਫੁੱਲਿਆ,*
*ਯਾਦ ਆਈ ਵੀਰ ਦੀ ਨੈਣਾਂ ਚੋਂ ਪਾਣੀ ਡੁਲ੍ਹਿਆ।*
*ਕੀ ਪਤਾ ਕਿੱਥੇ ਉਹ ਹੋਸਨ ਸੰਗਤਾਂ ਨੂੰ ਤਾਰਦੇ,*
*ਧੁਰ ਕੀ ਬਾਣੀ ਨੂੰ ਸੁਣਾ ਸੰਗਤਾਂ ਦੇ ਹਿਰਦੇ ਠਾਰਦੇ।*
*ਜੇ ਕਿਤੇ ਆ ਜਾਣ ਤਾਂ ਫੁਲਕਾ ਮੈਂ ਏਹੋ ਛਕਾ ਦਿਆਂ।*
*ਉੱਤੇ ਟਿਕਾ ਕੇ ਸਾਗ ਵਿਚ ਮੱਖਣ ਦਾ ਪੇੜਾ ਪਾ ਦਿਆਂ।*
*ਭਰ ਕੇ ਲੱਸੀ ਦਾ ਕਟੋਰਾ ਪ੍ਰੇਮ ਨਾਲ ਛਕਾ ਦਿਆਂ।*
*ਜੇ ਕਿਤੇ ਆ ਜਾਣ ਤਾਂ ਜਿੰਦੜੀ ਨੂੰ ਘੋਲ ਘੁਮਾ ਦਿਆਂ।*

## ਗੁਰੂ ਜੀ ਕਿਥੇ ਸਨ ?

*ਓਧਰ ਗੁਰੂ ਨਾਨਕ ਅਰਬ ਦੇਸ ਅੰਦਰ,*
*ਸਤਿਨਾਮ ਦਾ ਡੰਡਾ ਭੁਲਾ ਰਹੇ ਸਨ।*

ਰੱਬੋਂ ਭੁਲਿਆਂ ਨੂੰ ਰਾਹੋਂ ਭਟਕਿਆਂ ਨੂੰ,
ਸਿੱਧਾ ਰੱਬ ਦਾ ਰਾਹ ਦਿਖਾ ਰਹੇ ਸਨ।
ਕਾਮ ਕ੍ਰੋਧ ਦੀ ਅੱਗ ਵਿਚ ਸੜਦਿਆਂ ਨੂੰ,
ਭਗਤੀ ਗੰਗਾ ਦੇ ਵਿਚ ਨੁਹਾ ਰਹੇ ਸਨ।
ਕਹੀ ਇਜਜ਼ ਦੀ ਪਕੜ ਹੰਕਾਰੀਆਂ ਦੇ,
ਖ਼ੁਦੀ ਕਿਬਰ ਦੇ ਕਿੰਗਰੇ ਢਾਹ ਰਹੇ ਸਨ।
ਮੇਹਰ ਮਸੀਤ ਤੇ ਸਿਦਕ ਮੁਸੱਲੜੇ ਤੇ,
ਉਹ ਨਿਮਾਜ਼ੇ ਤੌਹੀਦ ਪੜ੍ਹਾ ਰਹੇ ਸਨ।
ਦੂਈ ਦਵੈਤ ਦੇ ਬੁਰਜ ਨੂੰ ਢਾਹ ਕਰ ਕੇ,
ਰਸਤਾ ਏਕਤਾ ਸੰਦਾ ਦਿਖਾ ਰਹੇ ਸਨ।
ਜ਼ੱਰੇ ਜ਼ੱਰੇ ਦੇ ਵਿਚ ਜ਼ਹੂਰ ਉਹਦਾ,
ਮੂਲਾਂ ਕਾਜ਼ੀਆਂ ਤਾਈਂ ਦ੍ਰਿੜਾ ਰਹੇ ਸਨ।
ਨਾਹਨੋ ਅਕਰਬ ਦੇ ਖੋਲ੍ਹ ਕੇ ਰਾਜ਼ ਸਾਰੇ,
ਉਹ ਇਮਾਮਾਂ ਦੇ ਕੰਨਾਂ ਵਿਚ ਪਾ ਰਹੇ ਸਨ।

## ਓਧਰ (ਬੇਬੇ ਨਾਨਕੀ)

ਨਾਨਕ ਕੂਕਦੀ ਨਾਨਕ ਦਾ ਰੂਪ ਹੋ ਗਈ,
ਉਹਦੀ ਕੂਕ ਵੀ ਤਾਂ ਬੇ-ਨਜ਼ੀਰ ਹੈ ਸੀ।
ਪਹੁੰਚੀ ਝੱਟ ਜਾ ਪਾਰ ਸਮੁੰਦਰਾਂ ਦੇ,
ਜਿੱਥੇ ਬੈਠਾ ਉਹ ਪੀਰਾਂ ਦਾ ਪੀਰ ਹੈ ਸੀ।
ਟੁੱਟੇ ਦਿਲਾਂ ਨੂੰ ਢਾਰਸ ਬਨ੍ਹਾ ਰਿਹਾ ਸੀ,
ਜਿਹੜਾ ਦਿਲਾਂ ਸੰਦਾ ਦਾਮਨਗੀਰ ਹੈ ਸੀ।
ਦਿਲ ਵਿਚ ਕਸ਼ਸ਼ ਹੋਈ ਫੌਰਨ ਬੰਦ ਕੀਤੀ,
ਓਸ ਵਕਤ ਜੋ ਸ਼ੁਰੂ ਤਕਰੀਰ ਹੈ ਸੀ।
ਸਭ ਹੈਰਾਨ ਰਹਿ ਗਏ ਪ੍ਰੇਸ਼ਾਨ ਰਹਿ ਗਏ,

ਖਵਰੇ ਅਸਾਂ ਦੇ ਵਿਚ ਤਕਸੀਰ ਕੀ ਹੈ ?
ਚਸ਼ਮਾ ਆਬੇ-ਹਯਾਤ ਦਾ ਬੰਦ ਹੋਇਆ,
ਖਵਰੇ ਅਸਾਂ ਦੀ ਭੈੜੀ ਤਕਦੀਰ ਕੀ ਹੈ ?

## ਮਰਦਾਨੇ ਪ੍ਰਤੀ

ਉੱਠ ਮਰਦਾਨਿਆ ਹੋ ਜਾ ਤਿਆਰ,
ਭੈਣ ਦਾ ਭੋਜਨ ਖਾ ਆਈਏ।
ਚਲ ਸੁਲਤਾਨਪੁਰੇ ਦੇ ਅੰਦਰ,
ਪ੍ਰੇਮ ਦਾ ਨਾਦ ਵਜਾ ਆਈਏ।
ਭੈਣ ਨੇ ਤਾਰ ਪ੍ਰੇਮ ਦੀ ਭੇਜੀ,
ਓਸ ਦਾ ਮਨ ਪਰਚਾ ਆਈਏ।
ਫੁਲਕਾ ਫੁੱਲਿਆ ਤਵੇ ਦੇ ਉਤੇ,
ਉਸ ਦਾ ਭੋਗ ਲਗਾ ਆਈਏ।

## ਮਰਦਾਨਾ

ਸੁਣ ਕੇ ਬਚਨ ਮਰਦਾਨਾ ਹੈਰਾਨ ਹੋਇਆ,
ਕਹਿੰਦਾ ਗੁਰੂ ਜੀ ਮੈਨੂੰ ਸਤਾਇਆ ਨਾ ਕਰ।
ਗੱਲਾਂ ਅੱਲਵੱਲੀਆਂ ਕਹੇਂ ਮੈਨੂੰ,
ਇਹੋ ਜਿਹੀਆਂ ਮੈਨੂੰ ਸੁਣਾਇਆ ਨਾ ਕਰ।
ਭਾਈ ਬਾਲੇ ਦੇ ਤਾਈਂ ਸੰਤੋਖ ਦਿਤਾ,
ਮੇਰੇ ਤਾਈਂ ਹੇ ਪ੍ਰਭੂ ਖਿਝਾਇਆ ਨਾ ਕਰ।
ਕਿਥੇ ਅਸੀਂ ਤੇ ਕਿਥੇ ਸੁਲਤਾਨ ਪੁਰ ਹੈ ?
ਇਹੋ ਜਿਹੀਆਂ ਬੇਥਵੀਆਂ ਤੂੰ ਲਾਇਆ ਨਾ ਕਰ।
ਮੈਨੂੰ ਸਮਝ ਨਹੀਂ ਆਂਵਦੀ ਕਿਵੇਂ ਜਾ ਕੇ,

ਬੇਬੇ ਨਾਨਕੀ ਦਾ ਫੁਲਕਾ ਖਾਵੇਂਗਾ ਤੂੰ ?
ਰਸਤੇ ਵਿਚ ਸਮੁੰਦਰ ਜੋ ਸ਼ੂਕਦਾ ਹੈ,
ਉਹਨੂੰ ਦੱਸ ਕੀਕਣ ਲੰਘ ਜਾਵੇਂਗਾ ਤੂੰ ?

## ਭਾਈ ਬਾਲਾ

ਬਾਲੇ ਨਾਲ ਅਧੀਨਗੀ ਕਿਹਾ ਭਾਈ,
ਗਲਾਂ ਬਹੁਤੀਆਂ ਕਰਨ ਦੀ ਲੋੜ ਨਾਹੀਂ।
ਜਿਹੜਾ ਗੁਰਾਂ ਅਗੇ ਬਹੁਤਾ ਬੋਲਦਾ ਏ,
ਤਾਲਿਬ ਕਦੀ ਉਹ ਪਹੁੰਚਦਾ ਤੋੜ ਨਾਹੀ।
ਸ਼ਰਧਾ ਅਤੇ ਵਿਸ਼ਵਾਸ਼ ਦੇ ਮਹਿਕਮੇ ਦਾ,
ਮੋੜ ਘੋੜ ਦੇ ਨਾਲ ਕੁਈ ਜੋੜ ਨਾਹੀ।
ਤਾਲਿਬ ਉਹ ਜੋ ਕਦਮਾਂ ਦੀ ਖ਼ਾਕ ਬਣੇ,
ਰੜਕਣ ਵਾਸਤੇ ਬਣੇ, ਉਹ ਰੋੜ ਨਾਹੀਂ।
ਅੱਗੋਂ ਕਿਹਾ ਮਰਦਾਨੇ ਨੇ ਭਾਈ ਬਾਲਾ,
ਤੁਸੀਂ ਜੱਟ ਤੇ ਖੱਤਰੀ ਰਲੇ ਹੋਏ ਓ।
ਟੇਟੇ ਚੜ੍ਹਿਆ ਹਾਂ ਦੋਹਾਂ ਦੇ ਡੂਮ ਭੋਲਾ,
ਗਲਾਂ ਕਿਹੜੀਆਂ ਤੇ ਖਵਰੇ ਢਲੇ ਹੋਏ ਓ।
ਅਗੋਂ ਕਿਹਾ ਗੰਭੀਰਤਾ ਨਾਲ ਬਾਬੇ,
ਭਾਈ ਬਾਲਾ ਇਹਦੇ ਇਖ਼ਤਿਆਰ ਨਾਹੀਂ।
ਇਹ ਨਸਲ ਹੈ ਵਾਕਈ ਭੋਲਿਆਂ ਦੀ,
ਜੀਹਨੂੰ ਕੋਈ ਜ਼ਮਾਨੇ ਦੀ ਸਾਰ ਨਾਹੀਂ।
ਸਾਨੂੰ ਚਾਹੀਦਾ ਸੀ ਇਹੋ ਜਿਹਾ ਸਾਥੀ,
ਕਰੇ ਗੱਲਾਂ ਤੇ ਰੱਖੇ ਹੁਧਾਰ ਨਾਹੀਂ।
ਕਮਲੇ ਰਮਲਿਆਂ ਦੇ ਉਤੇ ਰੱਬ ਰਾਜ਼ੀ,

ਚਤਰਾਂ ਅੰਦਰ ਪ੍ਰੇਮ ਦੀ ਤਾਰ ਨਾਹੀਂ।
ਫੇਰ ਕਿਹਾ ਮਰਦਾਨੇ ਨੂੰ ਮੀਟ ਅੱਖਾਂ,
ਤੈਨੂੰ ਨਾਨਕੀ ਪਾਸ ਪੁਚਾਈਏ ਛੇਤੀ।
ਤੈਨੂੰ ਭੁਖ ਨੇ ਹੈ ਪ੍ਰੇਸ਼ਾਨ ਕੀਤਾ।
ਭੋਜਨ ਰੱਜ ਕੇ ਤੈਨੂੰ ਖਵਾਈਏ ਛੇਤੀ।

## ਸੁਲਤਾਨਪੁਰੇ

ਅੱਖਾਂ ਮੀਟੀਆਂ ਤੇ ਫੇਰ ਖੋਲ੍ਹੀਆਂ ਚਾ,
ਵੇਖ ਵੇਖ ਮਰਦਾਨਾ ਹੈਰਾਨ ਹੋਇਆ।
ਖੜੇ ਹੋਏ ਸੁਲਤਾਨ ਪੁਰ ਸ਼ਹਿਰ ਅੰਦਰ,
ਦਿਲ ਦੇ ਵਿੱਚ ਡਾਢਾ ਪ੍ਰੇਸ਼ਾਨ ਹੋਇਆ।
ਗਲੀ ਵਿਚ ਖਲੋਤੇ ਨੇ ਗੁਰੂ ਸਾਹਿਬ,
ਬਾਲਾ ਨਾਲ ਖੜਾ ਮਗਨ ਧਿਆਨ ਹੋਇਆ।
ਇਹ ਪ੍ਰਤੱਖ ਕਿ ਖ਼ਾਬ ਮੈਂ ਵੇਖਦਾ ਹਾਂ,
ਐਸਾ ਸੋਚ ਦੇ ਵਿਚ ਗਲਤਾਨ ਹੋਇਆ।
ਹੌਲੀ ਜਿਹੀ ਉਹ ਬਾਲੇ ਨੂੰ ਪੁਛਦਾ ਏ,
ਅਸੀਂ ਭਾਈ ਕਿਥੇ ਖੜੇ ਹੋਏ ਹਾਂ ?
ਜਿਥੇ ਖੜਾ ਕੀਤਾ ਅਸੀਂ ਖਲੇ ਹੋਏ ਹਾਂ,
ਕਿਹਾ ਬਾਲੇ ਨੇ ਸਬਕ ਇਹ ਪੜ੍ਹੇ ਹੋਏ ਹਾਂ।

## ਝੋਕ

ਸੱਜੇ ਤੇ ਬਾਲਾ ਖੱਬੇ ਖੜਾ ਮਰਦਾਨਾ ਓ !
ਦੋਹਾਂ ਵਿਚਕਾਰ ਬਾਬਾ ਨਾਨਕ ਮਸਤਾਨਾ ਓ !
ਝੋਕ ਮੇਰੇ ਸਤਿਗੁਰ ਵਾਲੀ ਹੋ ਗਈ ਮਨਜ਼ੂਰ ਓ !
ਅਖੀਆਂ ਤੋਂ ਨੇੜੇ ਬਾਬਾ ਕਦਮਾਂ ਤੋਂ ਦੂਰ ਓ !

ਮਰਦਾਨਾ ! ਬਾਬਾ ਜੀ ਨੇ ਸਹਿਜੇ ਜਿਹੇ ਆਵਾਜ਼ ਦਿਤੀ। ਭਾਈ ਬੇਬੇ ਜੀ ਦੇ ਘਰ ਅਗੇ ਖੜੇ ਹਾਂ, ਆਵਾਜ਼ ਦੇ। ਬੇਬੇ ਜੀ ਅਜੇ ਧਿਆਨ ਮਗਨ ਸਨ। ਹਾਂ ਜੀ ! ਉਹ ਉਸ ਡੇਰੇ ਪੁਜੇ ਹੋਏ ਸਨ, ਜਿਸ ਦੀ ਬਾਬਤ ਕਿਹਾ ਹੈ- "ਡਡਾ ਡੇਰਾ ਇਹ ਨਹੀ ਜਹ ਡੇਰਾ ਤਹ ਜਾਨ॥ ਉਆ ਡੇਰਾ ਕਾ ਸੰਜਮੋ ਗੁਰ ਕੈ ਸਬਦ ਪਛਾਨ॥" ਉਸ ਡੇਰੇ ਵਿਚ ਭਲਾ ਮਰਦਾਨੇ ਦੀ ਸਥੂਲ ਆਵਾਜ਼ ਕਿਵੇਂ ਪੁਜ ਸਕਦੀ ਸੀ ? ਤੁਲਸਾਂ ਦਾਸੀ ਨੇ ਵਾਜਾਂ ਸੁਣ ਕੇ ਬੇਬੇ ਜੀ ਨੂੰ ਮੋਢੇ ਤੋਂ ਫੜਕੇ ਹਲੂਣਿਆ, ਪਰ ਕੋਈ ਸਫਲਤਾ ਨਾ ਹੋਈ। ਆਖ਼ਿਰ ਅਧਿਆਤਮਕ ਮੰਡਲ ਦੀਆਂ ਦੇਵੀ ਸ਼ਕਤੀਆਂ ਨੇ ਇਕ ਦੂਜੀ ਨੂੰ ਕਿਹਾ:-

## ਭਜਨ

*ਚਲੋ ਚਲੀਏ ਨਾਨਕੀ ਨੂੰ ਦਸੀਏ,*
*ਤੇਰਾ ਵੀਰ ਆਇਆ ਹੈ।*
*ਗਲ ਵਿਚ ਕਫ਼ਨੀ ਹਥ ਵਿਚ ਮਾਲਾ,*
*ਬਣ ਕੇ ਫਕੀਰ ਆਇਆ ਹੈ।*
*ਉਹ ਹੈ ਅਰਸ਼ ਫਰਸ਼ ਦਾ ਮਾਲਿਕ,*
*ਪੀਰਾਂ ਪੀਰ ਆਇਆ ਹੈ।*
*ਟੁਟਿਆਂ ਦਿਲਾਂ ਨੂੰ ਗੰਢਣ ਵਾਲਾ,*
*ਦਾਮਨਗੀਰ ਆਇਆ ਹੈ।*

ਉਧਰੋਂ ਗੁਰੂ ਜੀ ਨੇ ਆਪਣਾ ਸਰੂਪ ਹਿਰਦੇ ਚੋਂ ਖਿਚ ਲਿਆ। ਬਸ ਫੇਰ ਕੀ ਸੀ ? ਸਮਾਧੀ ਖੁਲ੍ਹ ਗਈ। ਦਾਸੀ ਪੁਛਿਆ ਕੀ ਗਲ ਹੈ ? ਜਵਾਬ ਮਿਲਿਆ ਬੇਬੇ ਜੀ ਕਿੰਨਾਂ ਚਿਰ ਹੋ ਗਿਆ ਹੈ ਬਾਹਰੋਂ ਵਾਜਾਂ ਪੈਂਦੀਆਂ ਨੂੰ। ਮੈਂ ਆਪ ਨੂੰ ਬਥੇਰਾ ਝੂਣ ਰਹੀ, ਪਰ ਆਪ ਖਬਰੇ ਕਿਹੜੇ ਅਰਸ਼ਾਂ ਦੇ ਸੈਲ ਕਰ ਰਹੇ ਸੀ। ਬੇਬੇ ਜੀ ! ਭਾਈ ਮਰਦਾਨੇ ਜੈਸੀ ਆਵਾਜ਼ ਹੈ ਸੀ।

ਠੀਕ ਹੈ। ਕਿਹਾ ਬੇਬੇ ਨਾਨਕੀ ਨੇ। ਆ ਗਏ ਹੋਣੇ ਨੇ, ਜਿਨ੍ਹਾਂ ਨੂੰ ਮੈਂ ਫੁਲਕਾ ਛਕਣ ਵਾਸਤੇ ਤਾਰ ਵਿਚ ਨਿਉਂਦਾ ਭੇਜ ਰਹੀ ਸਾਂ। ਇਉਂ ਕਹਿ ਕੇ ਉਠ ਦੌੜੇ, ਦਰਵਾਜਾ ਖੋਲਿਆ ਤਾਂ ਨਿਰੰਕਾਰੀ ਵੀਰ ਦੇ ਨੂਰਾਨੀ ਮੁਖੜੇ ਨੂੰ ਤਕ ਕੇ ਹਿਰਦਾ ਸ਼ਾਂਤ ਹੋ ਗਿਆ। ਚਰਨਾਂ ਵਲ ਝੁਕੇ ਪ੍ਰੰਤੂ ਬਾਬਾ ਜੀ ਨੇ ਇਹ ਕਹਿ ਕੇ ਹਥ ਫੜ ਲਏ 'ਬੇਬੇ ਜੀ ! ਤੁਸੀਂ ਵੱਡੇ ਹੋ।' ਬੇਬੇ ਜੀ ਨੇ ਪ੍ਰੇਮ ਭਰੀ ਬੇਨਤੀ ਕਰਦਿਆਂ ਹੋਇਆਂ ਕਿਹਾ-ਮਹਾਰਾਜ ! ਮਾਇਆ ਨਾਂ ਪਾਓ ! ਦੀਨ ਦਿਆਲ ਨਾਂ ਭੁਲਾਓ ! ਆਪ ਤੋਂ ਵਡਾ ਕਉਣ ਹੈ- "ਹਰਨ ਭਰਨ ਜਾਕਾ ਨੇਤ੍ਰ ਫੋਰ।"

## ਭੋਜਨ

ਆਦਰ ਸਹਿਤ ਆਸਣ ਤੇ ਬਿਠਾਇਆ। ਮਰਦਾਨੇ ਜੀ ਨੂੰ ਵੀ ਵੇਹੜੇ ਵਿਚ ਪੀਹੜੀ ਡਾਹ ਦਿਤੀ। ਭੋਜਨ ਤਜਾਰ ਹੋਇਆ ਥਾਲ ਵਿਚ ਪਰੋਸ ਕੇ ਗੁਰੂ ਜੀ ਅਗੇ ਪ੍ਰੇਮ ਪੂਰਵਕ ਰਖਿਆ। ਮਰਦਾਨਾ ਬੋਲ ਉਠਿਆ, ਬੇਬੇ ਜੀ ਦਾਸ ਵੀ ਹਾਜ਼ਰ ਹੈ। ਬੜੀ ਭੁਖ ਲਗੀ ਹੋਈ ਹੈ, ਕਿਉਂਕਿ ਮਦੀਨੇ ਤੋਂ ਚਲਕੇ ਆਏ ਹਾਂ। ਗੁਰੂ ਜੀ ਨੇ ਕਿਹਾ "ਮਰਦਾਨਾ ਛਿੱਥਾ ਨਾ ਪੈ। ਖਿਲਾ ਕੇ ਖਾਵਾਂਗਾ।"

ਗੁਰੂ ਜੀ ਅਗੇ ਭੋਜਨ ਥਾਲ ਵਿਚ ਪਿਆ ਹੈ, ਪਰ ਆਪ ਛਕਦੇ ਨਹੀਂ। ਮਹਾਰਾਜ ! ਆਪ ਛਕਦੇ ਕਿਉਂ ਨਹੀਂ ? ਬੇਬੇ ਜੀ ਨੇ ਪੁਛਿਆ। ਬੇਬੇ ਜੀ ! ਜਿਸ ਫੁਲਕੇ ਵਾਸਤੇ ਅਸੀਂ ਐਡੀ ਦੂਰੋਂ ਚਲ ਕੇ ਆਏ ਹਾਂ ਉਹ ਤਾਂ ਆਪ ਨੇ ਥਾਲੀ ਵਿਚ ਰਖਿਆ ਹੀ ਨਹੀਂ। ਹਾਂ ਦੀਨ ਦਿਆਲ ਮੈਂ ਭੁਲ ਗਈ। ਫੁਲਕਾ ਰਖਿਆ, ਪਰ ਅਜੇ ਵੀ ਨਹੀਂ ਛਕਦੇ। ਮਹਾਰਾਜ ਜੀ ਕਿਉਂ ? ਬੇਬੇ ਜੀ ! ਜੋ ਆਪਨੇ ਤਾਰ ਵਿਚ ਕਹਿ ਕੇ ਭੇਜਿਆ ਸੀ- "ਉਤੇ ਟਿਕਾਕੇ ਸਾਗ ਵਿਚ ਮੱਖਣ ਦਾ ਪੇੜਾ ਪਾ ਦਿਆਂ।" ਉਹ ਬਚਨ ਵੀ ਪੂਰਾ ਕਰੋ। ਬੇਬੇ ਜੀ ਨੇ ਸਾਗ ਤੇ ਮੱਖਣ ਵੀ ਰੱਖਿਆ, ਪਰ ਨਾਲ ਪਾਣੀ ਦਾ ਛੰਨਾ ਰਖ ਦਿਤਾ। ਜਾਣੀ ਜਾਣ ਪਾਤਸ਼ਾਹ ਨੇ ਫੇਰ ਕਿਹਾ-ਬੇਬੇ ਜੀ ਆਪ ਨੂੰ ਯਾਦ

ਹੈ ਕਿ ਆਪ ਨੇ ਮੈਨੂੰ ਲੱਸੀ ਦਾ ਕਟੋਰਾ ਭਰ ਕੇ ਪਿਲਾਣ ਦਾ ਬਚਨ ਕੀਤਾ ਸੀ। ਲੱਸੀ ਦਾ ਕਟੋਰਾ ਵੀ ਰੱਖਿਆ ਗਿਆ। ਮਰਦਾਨੇ ਨੂੰ ਭੋਜਨ ਛਕਾਇਆ। ਬਾਬੇ ਵੀ ਛਕਿਆ। ਰਾਤ ਰਹੇ ਤੇ ਅਗਲੇ ਭਲਕ ਬੇਬੇ ਤੋਂ ਰੁਖਸਤ ਹੋਕੇ ਬਾਬਾ ਜੀ ਫੇਰ ਮਦੀਨੇ ਜਾ ਪੁਜੇ।

## ਭਜਨ

*ਇਹ ਤਾਰ ਪ੍ਰੇਮ ਦੀ ਐਸੀ ਪਤਾ ਕਿਸੇ ਗੁਰੂ ਪਿਆਰੇ ਨੂੰ।*
*ਜੋ ਬਿਨ ਥੰਮਿਓਂ ਬਿਨ ਤਾਰੋਂ ਪੁਜਦੀ ਪ੍ਰੀਤਮ ਪਿਆਰੇ ਨੂੰ।*
*ਏਹ ਤਾਰ ਗਜੇਂਦਰ ਭੇਜੀ ਰਚਨਾਂ ਰਚਨ ਹਾਰੇ ਨੂੰ।*
*ਓਨ ਪਲ ਵਿਚ ਚਕਰ ਚਲਾਕੇ ਕੀਤਾ ਮੁਕਤ ਪਿਆਰੇ ਨੂੰ।*
*ਏਹ ਤਾਰ ਦਰੋਪਦੀ ਭੇਜੀ ਜਦੋਂ ਉਸ ਬੰਸੀ ਵਾਲੇ ਨੂੰ।*
*ਉਨ ਲਾਜ ਸਭਾ ਵਿਚ ਰਖ ਲਈ, ਪਤਾ ਹੈ ਆਲਮ ਸਾਰੇ ਨੂੰ।*
*ਏਹਾ ਤਾਰ ਨਾਨਕੀ ਭੇਜੀ ਜਦੋਂ ਗੁਰ ਨਾਨਕ ਪਿਆਰੇ ਨੂੰ।*
*ਉਹ ਚਲ ਕੇ ਮਕੇ ਤੋਂ ਆਏ ਤਕੋ ਖਾਂ ਏਸ ਨਜ਼ਾਰੇ ਨੂੰ।*

(ਆਲਿਮ)

(੨)

# ਰਾਏ ਬੁਲਾਰ ਦਾ ਪ੍ਰੇਮ

ਰਾਏ ਭੋਏ ਦੀ ਤਲਵੰਡੀ ਦਾ ਮੁਸਲਮਾਨ ਹਾਕਮ ਰਾਏ ਬੁਲਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਦਾ ਤਕੜਾ ਸ਼ੁਧਾਲੂ ਸੀ। ਦਾਤੇ ਦੀ ਉਸ ਤੇ ਬੜੀ ਮੇਹਰ ਸੀ। ਮਹਿਤਾ ਕਾਲੂ ਜੀ ਆਪਣੀ ਅਲਪੱਗਤਾ ਦੇ ਕਾਰਨ ਗੁਰੂ ਜੀ ਨੂੰ ਜਦੋਂ ਵੀ ਗੁੱਸੇ ਰਾਜੀ ਹੁੰਦੇ, ਰਾਏ ਬੁਲਾਰ ਸਹਾਰ ਨਹੀਂ ਸਕਦੇ ਸਨ। ਉਹ ਕਾਲੂ ਜੀ ਨੂੰ ਹਰ ਸਮੇਂ ਇਹੀ ਸਮਝਾਂਦੇ ਰਹਿੰਦੇ ਕਿ-"ਕਾਲੂ ਇਸ ਨਿਰੰਕਾਰੀ ਜੋਤ ਨੂੰ ਤੂੰ ਆਪਣਾ ਪੁੱਤ੍ਰ ਸਮਝ ਕੇ ਠੰਢਾ ਤੱਤਾ ਨਾ ਹੋਇਆ ਕਰ। ਇਹ ਅੱਲਾ ਦਾ ਨੂਰ ਹੈ। ਅਰਸ਼ੀ ਹੈ, ਫ਼ਰਸ਼ੀ ਨਹੀਂ। ਇਹ ਦੁਨਜਾਂ ਨੂੰ ਰਾਹੇ ਪਾਣ ਵਾਸਤੇ ਅਵਤਰਿਆ ਹੈ। ਏਸ ਦੀ ਅਜੇ ਤੈਨੂੰ ਕਾਈ ਲਖਤਾ ਨਹੀਂ। ਕਿਸੇ ਪੂਰਬਲੇ ਕਰਮ ਦਾ ਅੰਕੂਰ ਪਰਗਟਿਆ ਸਮਝ, ਜਿਸ ਕਰਕੇ ਇਸ ਨੇ ਸਾਰੇ ਸੰਸਾਰ ਨੂੰ ਇਕ ਪਾਸੇ ਕਰਕੇ ਤੇਰੇ ਘਰ ਨੂੰ ਉਜਾਗਰ ਕੀਤਾ ਹੈ। ਇਸ ਨੂੰ ਝਿੜਕਿਆ ਨਾ ਕਰ।

ਇਕ ਦਿਨ ਦੀ ਗੱਲ ਹੈ ਕਿ ਕਸ਼ਮੀਰ ਜਾਂਦੇ ਕੁਛ ਸਾਧੂਆਂ ਨੂੰ ਘਰੋਂ ਰੁਪਈਏ ਤੇ ਗਹਿਣੇ ਲੈਜਾਕੇ ਭੇਟਾ ਕਰ ਦਿਤੇ। ਅਰਜ ਕੀਤੀ ਕਸ਼ਮੀਰ ਦੀ ਠੰਢ ਤੋਂ ਬਚਣ ਵਾਸਤੇ ਆਪ ਨੇ ਕੰਬਲ ਖਰੀਦ ਲੈਣੇ। ਜਦੋਂ ਕਾਲੂ ਜੀ ਨੂੰ ਪਤਾ ਲਗਾ ਤਾਂ ਉਹ ਗੁਰੂ ਜੀ ਨੂੰ ਝਿੜਕਣ ਲੱਗੇ ਤੇ ਮਾਰਨ ਨੂੰ ਵੀ ਤਤਪਰ ਹੋ ਗਏ। ਕੋਲੋਂ ਮਾਤਾ ਤ੍ਰਿਪਤਾ ਜੀ ਅਤੇ ਭੈਣ ਨਾਨਕੀ ਜੀ ਨੇ ਦਖ਼ਲ ਦੇ ਕੇ ਇਹ ਅਵੱਗਿਆ ਨਾ ਹੋਣ ਦਿੱਤੀ। ਰਾਏ ਬੁਲਾਰ ਜੀ ਨੂੰ ਪਤਾ ਲੱਗਾ ਤਾਂ ਉਹ ਬੜੇ ਖ਼ਫ਼ਾ ਹੋਏ। ਮਹਿਤਾ ਜੀ ਨੂੰ ਆਦਮੀ ਭੇਜ ਕੇ ਬੁਲਾਇਆ ਗਿਆ, ਨਾਲ ਗੁਰੂ ਜੀ ਨੂੰ ਵੀ ਦਰਸ਼ਨ ਦੇਣ ਲਈ ਬੇਨਤੀ ਕਰ ਘੱਲੀ। ਗੁਰੂ ਜੀ ਅਜੇ ਬਾਲ ਵਰੇਸ ਵਿਚ ਹੀ ਸਨ :-

Namdhari Elibrary NamdhariElibrary@gmail.com

# ਨਜ਼ਮ

*ਸੁਨ ਕਰ ਬੁਲਾਇਆ ਮਹਿਤੇ ਕੋ ਰਾਏ ਬੁਲਾਰ ਨੇ।*
*ਬੋਲਾ ਕਿ ਕਿਉਂ ਲਗਾ ਥਾ ਤੂ ਨਾਨਕ ਕੋ ਮਾਰਨੇ।*
*ਤੁਝਕੋ ਨਹੀਂ ਖ਼ਬਰ ਕਿ ਯੇਹ ਅੱਲਾ ਕਾ ਪਿਆਰਾ ਹੈ।*
*ਦੁਨੀਆ ਕੇ ਤਾਰਨੇ ਕੋ ਹੀ ਅਵਤਾਰ ਧਾਰਾ ਹੈ।*
*ਦੌਲਤ ਜਹਾਂ ਕੀ ਇਸ ਕੀ ਨਜ਼ਰ ਕਾ ਇਸ਼ਾਰਾ ਹੈ।*
*ਆਇਆ ਅਰਸ਼ ਸੇ ਨੂਰ ਕਾ ਰੌਸ਼ਨ ਸਿਤਾਰਾ ਹੈ।*

# ਗੁਰੂ ਜੀ ਪ੍ਰਤਿ

*ਬਾਬਾ ਜੀ ਮੁਝਪੇ ਏਕ ਨਜ਼ਰਿ ਕਰਮ ਕੀਜੀਏ।*
*ਜੋ ਕੁਛ ਕਿਸੀ ਕੋ ਦੇਨਾ ਹੋ ਵਹੁ ਮੁਝ ਸੇ ਲੀਜੀਏ।*
*ਇਕ ਠੀਕਰੀ ਪੇ ਅਪਨਾ ਇਨ ਨਿਸ਼ਨ ਕੀਜੀਏ।*
*ਆਵੇ ਸਵਾਲੀ ਉਸਕੋ ਦੇ ਕੇ ਭੇਜ ਦੀਜੀਏ।*
*ਉਸ ਦਿਨ ਸੇ ਹੂਈ ਸਤਿਗੁਰੂ ਕੀ ਸ਼ਾਨ ਥੀ ਬੜੀ।*
*ਬਾਬਰ ਕੇ ਦਾਮ ਚਲਤੇ ਥੇ ਬਾਬੇ ਕੀ ਠੀਕਰੀ।*

(ਪ੍ਰਾਪਤ)

ਸਤਿਗੁਰੂ ਜੀ ਸੈਂਕੜੇ ਕੋਹਾਂ ਦੇ ਫਾਸਲੇ ਤੇ ਰੁਹੇਲ ਖੰਡ (ਉਤ੍ਰ ਪ੍ਰਦੇਸ਼ ਦੇ ਇਕ ਇਲਾਕੇ) ਵਿਚ ਸਤਿਨਾਮ ਦੇ ਛਟੇ ਦੇ ਕੇ ਮੋਇਆਂ ਨੂੰ ਸੁਰਜੀਤ ਤੇ ਸੁਕਿਆਂ ਨੂੰ ਹਰੇ ਕਰ ਰਹੇ ਹਨ। ਇਕ ਵਡੇ ਕਸਬੇ ਵਿਚ ਬੈਠੇ ਹੋਏ ਉਪਦੇਸ਼ ਅੰਮ੍ਰਿਤ ਦਾ ਪ੍ਰਵਾਹ ਚਲਾ ਰਹੇ ਹਨ। ਹਜ਼ਾਰਾਂ ਦੀ ਗਿਣਤੀ ਵਿਚ ਸ੍ਰੋਤੇ ਜਲ ਵਿਹੀਨ ਮੱਛੀ ਵਾਂਗ ਤੜਫ ਉਠਦੇ ਹਨ। ਥੋੜੇ ਚਿਰ ਲਈ ਨੈਣ ਜੁੜ ਜਾਂਦੇ ਤੇ ਫੇਰ ਖੁਲ੍ਹ ਪੈਂਦੇ ਹਨ। ਜਲ ਨਾਲ ਡਬਡਬਾਏ ਹੋਏ ਨੇਤ੍ਰ- 'ਅੰਮ੍ਰਿਤ ਭਿੰਨੇ ਲੋਇਣਾ' ਦੀ ਝਾਕੀ ਪੇਸ਼ ਕਰ ਰਹੇ ਹਨ। ਗੂੜ੍ਹੇ ਰੰਗ ਨਾਲ ਰੰਗੀਨ ਅੱਖਾਂ ਨਾਲ ਮਰਦਾਨੇ ਵਲ ਤਕਦਿਆਂ ਗੰਭੀਰ ਸੁਰ ਨਾਲ ਬਚਨ ਹੁੰਦਾ

ਹੈ-ਮਰਦਾਨਾ ! ਚਲ ਭਾਈ ਨਗਰੀ ਨੂੰ ਚਲੀਏ, ਰਾਏ ਬੁਲਾਰ ਮਰਨਹਾਰ ਹੈ। ਦਮਾਂ ਦੀ ਖੇਡ ਹੈ ਪਰ ਪ੍ਰਣ ਕਰ ਬੈਠਾ ਹੈ ਕਿ ਜਦ ਤਕ ਸਾਨੂੰ ਸਖਿਆਤ ਨਹੀਂ ਦੇਖ ਲਏਗਾ ਪ੍ਰਾਣ ਨਹੀਂ ਤਿਆਗੇਗਾ। ਬੜੀ ਕਠਿਨ ਪ੍ਰਤਿਗਿਆ ਕੀਤੀ ਸੂ, ਪਰ ਅਸਾਂ ਪੂਰੀ ਕਰਨੀ ਹੈ, ਕਿਉਂਕਿ ਇਕਰਾਰ ਹੈ।

ਮਰਦਾਨਾ-ਪਾਤਸ਼ਾਹ ! ਆਪ ਕਹਿ ਰਹੇ ਹੋ ਕਿ ਘੜੀਆਂ ਪਲਾਂ ਦਾ ਮੇਲਾ ਹੈ। ਕਿਸ ਵਸੀਲੇ ਐਨੀ ਛੇਤੀ ਪੁੱਜਿਆ ਜਾਊ ?

ਗੁਰੂ ਜੀ-ਮਰਦਾਨਾ ! ਤੈਨੂੰ ਪਤਾ ਨਹੀਂ, ਨਾਨਕ ਕਾਹਦੀ ਸਵਾਰੀ ਕਰਦਾ ਹੈ ? ਲੈ ਮੀਟ ਅੱਖੀਆਂ। ਬਾਲਾ ਤੂੰ ਵੀ।

ਸਤਿ ਬਚਨ ਮਹਾਰਾਜ।

ਓਧਰ ਰਾਏ ਬੁਲਾਰ ਜੀ ਆਪਣੇ ਮਕਾਨ ਦੇ ਖੁਲ੍ਹੇ ਸੇਹਨ ਵਿਚ ਮੌਤ ਦੇ ਬਿਸਤਰੇ ਤੇ ਲੇਟੇ ਪਏ ਹਨ। ਸਾਰਾ ਪਰਵਾਰ, ਸਾਕ ਅੰਗ ਅਤੇ ਸੱਜਨ ਮਿਤ੍ਰ ਪਲੰਘ ਦੇ ਇਰਦ ਗਿਰਦ ਖੜੇ ਆਖ ਰਹੇ ਹਨ। ਰਾਏ ਸਾਹਿਬ ਕੋਈ ਸੇਵਾ ਬਖਸ਼ੋ। ਨਿਰਬਲ ਆਵਾਜ਼ (ਝੀਣੀ ਬਾਣਿ) ਨਾਲ ਰਾਇ ਸਾਹਿਬ ਕਹਿੰਦੇ ਹਨ-ਜੇ ਕੋਈ ਤੁਹਾਡੇ ਵਿਚੋਂ ਮੇਰਾ ਸਨੇਹੀ ਹੈ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸੱਦ ਲਿਆਵੇ, ਕਿਉਂਕਿ ਮੈਂ ਪ੍ਰਣ ਕਰ ਚੁਕਾ ਹਾਂ ਕਿ ਜਦ ਤਕ ਉਨ੍ਹਾਂ ਦੇ ਸਾਖਿਆਤ ਦਰਸ਼ਨ ਨਾ ਕਰ ਲਵਾਂਗਾ, ਮਰਾਂਗਾ ਨਹੀਂ। ਸਾਰਿਆਂ ਨੇ ਇਕ ਸੁਰ ਹੋ ਕੇ ਕਿਹਾ ਕ ਰਾਏ ਸਾਹਿਬ, ਹੋਰ ਜੋ ਹੁਕਮ ਕਰੋ ਹਾਜ਼ਰ ਹੈ, ਪਰ ਇਹ ਕੰਮ ਸਾਡੇ ਕਰਨ ਦਾ ਨਹੀਂ। ਰਾਏ ਨੇ ਕਿਹਾ, ਹਟ ਜਾਉ ਪਿਛੇ, ਤੇ ਬੈਠ ਜਾਉ ਚੁਪ ਕਰ ਕੇ। ਮੈਂ ਉਨ੍ਹਾਂ ਨੂੰ ਆਪ ਹੀ ਬੁਲਾਂਦਾ ਹਾਂ। ਸਭ ਬੈਠ ਗਏ। ਨੈਣ ਮੁੰਦੇ ਤੇ ਸੁਰਤ ਗੁਰਦੇਵ ਜੀ ਦੇ ਚਰਨ ਕਮਲਾਂ ਨਾਲ ਜੋੜੀ। ਇਹ ਇਕ ਪ੍ਰੇਮ ਰੂਪ ਟੈਲੀਫੋਨ ਸੀ। ਫੋਨ ਵਾਂਗ ਹੀ ਸੈਆਂ ਕੋਹਾਂ ਦੀ ਵਿਥ ਤੇ ਜਾ ਘੰਟੀ ਖੜਕੀ-ਟਨ-ਟਨ-ਟਨ। ਹੈਲੋ ! ਕੌਣ ਹੈ। ਆਵਾਜ਼ ਆਈ।

ਜੀ ਮੈਂ ਹਾਂ ਖ਼ਾਕਸਾਰ ਰਾਏ ਬੁਲਾਰ।

ਕਿਥੋਂ ਬੋਲ ਰਹੇ ਹੋ ?

Namdhari Elibrary NamdhariElibrary@gmail.com

ਪਾਤਸ਼ਾਹ ! ਆਪਣੇ ਘਰ ਦੇ ਆਂਗਨ ਵਿਚੋਂ ਅਰ ਮੌਤ ਦੇ ਬਿਸਤਰੇ ਤੋਂ।

ਗੁਰੂ ਜੀ-ਕਿਉਂ, ਕੀ ਗੱਲ ਹੈ ?

ਰਾਏ-ਪਾਤਸ਼ਾਹ ! ਆਪ ਅੰਤਰਜਾਮੀ ਹੋ। ਆਪ ਨੂੰ ਪਤਾ ਹੀ ਹੈ ਕਿ ਮੈਂ ਘੜੀਆਂ ਪਲਾਂ ਤੇ ਹਾਂ। ਜੀਵਨ ਖੇਡ ਮੁੱਕਣ ਨੂੰ ਹੈ। ਹਜ਼ੂਰ ਦਾ ਦਰਸ਼ਨ ਚਾਹੁੰਦਾ ਹਾਂ ਸਾਮਰਤੱਖ, ਪਰ ਪ੍ਰਾਣ ਪੰਖੇਰੂਆਂ ਦੇ ਉੱਡ ਜਾਣ ਤੋਂ ਪਹਿਲਾਂ ਪਹਿਲਾਂ। ਕਰਦੇ ਹੋ

ਮੇਹਰ ?

ਗੁਰ ਜੀ-ਅਜ਼ੀਜ਼ ਰਾਏ ਬੁਲਾਰ ! ਚਿੰਤਾ ਨਾ ਕਰ। ਮੈਂ ਝਟ ਪਟ ਪੁਜ ਰਿਹਾ ਹਾਂ। ਤੇਰੀ ਯਾਦ ਇਕ ਮਿਕਨਾਤੀਸ ਹੈ, ਲੈ ਆਇਆ।

ਮੀਟੋ ਭਾਈ ਅੱਖਾਂ ਬਾਲੇ ਮਰਦਾਨੇ ਛੇਤੀ ਕਰੋ। ਆਗਿਆ ਦਾ ਪਾਲਨ ਕੀਤਾ ਗਿਆ। ਓਸੇ ਛਿਨ ਹੁਕਮ ਹੋਇਆ, ਖੋਲ੍ਹੋ ਨੇਤ੍ਰ। ਮੀਟੇ ਤੇ ਖੋਲ੍ਹੇ, ਸੇਵਕਾਂ ਨੇ ਨੈਣ। ਰਾਏ ਬੁਲਾਰ ਨੂੰ ਦਰਸ਼ਨ ਦੇ ਕੇ ਨਿਸਤਾਰਾ ਕੀਤਾ। ਅਚਰਜ !

*ਸੁਰਤੀ ਚਾਰ ਚੁਫੇਰਿਓਂ ਰੋਕ ਕਰ ਕੇ,*
*ਐਸੀ ਪ੍ਰੇਮ ਦੀ ਤਾਰ ਚਲਾਈ ਉਸ ਨੇ।*
*ਸੈਆਂ ਕੋਹਾਂ ਤੇ ਬੈਠੇ ਸੀ ਗੁਰੂ ਨਾਨਕ,*
*ਓਥੇ ਖਿੱਚ ਕਲੇਜੇ ਨੂੰ ਪਾਈ ਉਸ ਨੇ।*
*ਕੋਲ ਬੈਠਿਆਂ ਗੱਲ ਨਾ ਸੁਣੀ ਜਾਂਦੀ,*
*ਸੈਆਂ ਕੋਹਾਂ ਤੇ ਗੱਲ ਸੁਣਾਈ ਉਸ ਨੇ।*
*ਤਾਰ ਵਾਲੀ ਹੈ ਤਾਰ ਪ੍ਰਤੱਖ ਯਾਰੋ,*
*ਬਿਨਾਂ ਤਾਰ ਤੋਂ ਤਾਰ ਚਲਾਈ ਉਸ ਨੇ।*
*ਓਧਰ ਗੁਰਾਂ ਦੇ ਨੈਣਾਂ ਚੋਂ ਨੀਰ ਢਲਿਆ,*
*ਓਧਰ ਮੋਤੀਆਂ ਦੀ ਝੜੀ ਲਾਈ ਉਸ ਨੇ।*
*ਛੇਤੀ ਆ ਪ੍ਰੀਤਮ ਛੇਤੀ ਆ ਪ੍ਰੀਤਮ,*

Namdhari Elibrary NamdhariElibrary@gmail.com

*ਕੂਕ ਕੂਕ ਕੇ ਦਿਤੀ ਦੁਹਾਈ ਉਸ ਨੇ।*
*ਅੱਖਾਂ ਮੀਟੀਆਂ ਤੇ ਫੇਰ ਖੋਲ੍ਹੀਆ ਚਾ,*
*ਰਾਏ ਬੁਲਾਰ ਨੇ ਉਠ ਦੀਦਾਰ ਕੀਤਾ।*
*ਢੱਠਾ ਚਰਨਾਂ ਤੇ ਪਕੜ ਕੇ ਗਲੇ ਲਾਇਆ,*
*ਰਾਏ ਬੁਲਾਰ ਸੰਦਾ ਬੇੜਾ ਪਾਰ ਕੀਤਾ।*
*ਸੈਆਂ ਕੋਹਾਂ ਤੋਂ ਆਣ ਦੀਦਾਰ ਦਿਤਾ,*
*ਕੀਤਾ ਪੂਰਾ ਜੋ ਹੈ ਸੀ ਇਕਰਾਰ ਕੀਤਾ।*
*ਰਾਏ ਸਾਹਿਬ ਦੇ ਨਾਲ ਪਿਆਰ ਕੀਤਾ,*
*ਹੋਰ ਕਈਆਂ ਦਾ ਨਾਲ ਉਧਾਰ ਕੀਤਾ।*
*'ਆਲਿਮ' ਪ੍ਰੀਤਮ ਪਿਆਰੇ ਦੇ ਦਰਸ ਖ਼ਾਤਿਰ,*
*ਇਹਨਾਂ ਨੈਣਾਂ ਦਾ ਫ਼ਰਸ਼ ਵਿਛਾਈਦਾ ਹੈ।*
*ਪਹਿਲਾਂ ਜਿਗਰ ਦਾ ਖ਼ੂਨ ਚੁਆਈਦਾ ਹੈ,*
*ਪਿੱਛੋਂ ਦਰਸ਼ਨ ਪਿਆਰੇ ਦਾ ਪਈਦਾ ਹੈ।*

ਤਸਦੀਕ-

**"ਮੂ ਥੀਆਊ ਸੇਜ ਨੈਣਾ ਪਿਰੀ ਵਿਛਾਨਣਾ॥**
**ਜੇ ਡੇਖੈ ਹਿਕ ਵਾਰ ਤਾ ਸੁਖ ਕੀਮਾ ਹੂ ਬਾਹਰੇ॥"**

ਆਸ਼ਿਕ ਆਸ਼ਿਕ ਸਭ ਕੋਈ ਆਖੇ, ਸਿਰ ਟੇਢੀ ਪਗੜੀ ਧਰ ਕੇ।
ਸਿਰ ਤੋਂ ਪਰੇ ਇਸ਼ਕ ਦਾ ਡੇਰਾ, ਸਭ ਮੁੜ ਆਏ ਡਰ ਕੇ।
ਮਾਨ ਮਣੀ ਤੇ ਖ਼ੁਦੀ ਤਕੱਬਰ, ਕੋਈ ਨਾ ਰਹਿਆ ਜਰ ਕੇ।
ਸੱਜਨਾਂ ਦੇ ਉਸ ਮਹਿਲ ਬਿਹਾਰੀ, ਕੋਈ ਆਸ਼ਿਕ ਪਹੁੰਚਾ ਮਰ ਕੇ।
(ਬਿਹਾਰੀ)

"ਆਸ਼ਕ ਬਣਨ ਸੁਖੱਲਾ ਨਾਹੀਂ ਦੇਖਾਂ ਨੇਹੁੰ ਪਤੰਗ ਦਾ।
ਖ਼ੁਸ਼ੀਆਂ ਨਾਲ ਜਲੇ ਵਿਚ ਆਤਸ਼ ਮੌਤੋਂ ਮੂਲ ਨਾ ਸੰਗਦਾ।

ਪੱਕਾ ਪੈਰ ਧਰੀਂ ਜੇ ਧਰਨਾ ਫ਼ਿਸਲ ਨਹੀਂ ਮਤ ਜਾਵੇ।
ਸੋ ਇਸ ਕੂਚੇ ਦਾਖ਼ਿਲ ਹੋਵੇ ਜੋ ਸਿਰ ਦੀ ਬਾਜ਼ੀ ਲਾਵੇ।
"ਖ਼ੁਸ਼ ਅਸਤ ਉਮਰ ਕਿ ਦਰਯਾਦ ਬਿਗੁਜ਼ਰਦ
ਵਗਰਨਾਂ ਚਿ ਹਾਸਿਲ ਅਸਤ ਅਜ਼ੀਂ ਗੁੰਬਦੇ ਨਬੂਦ ਮਰ।"
ਓਹੋ ਉਮਰ ਸੁਹਾਵੀ ਜੇਹੜੀ ਯਾਦ ਸੱਜਣ ਵਿਚ ਗੁਜ਼ਰੇ, ਪੌਂਦੀ ਮੁਜਰੇ।
ਨਹੀਂ ਤਾਂ ਸਾਨੂੰ ਹਾਸਿਲ ਕੀ ਹੈ ਇਸ ਵਿਚ ਨੀਲੇ ਹੁਜਰੇ ਸ਼ਾਮ ਤੇ ਫ਼ਜਰੇ।
"ਦਰ ਆਂ ਜ਼ਮਾਂ ਕਿ ਨ ਆਈ ਬਜਾਦ ਮੇ ਮੀਰਮ,
ਬਗੈਰ ਯਾਦਿ ਤੌਂ ਜ਼ੀਂ ਜ਼ੀਤਨ ਚਿ ਸੂਦਿਮਰਾ।"
**ਅਰਥ**- ਜਿਸ ਦਮ ਯਾਦ ਨ ਆਵੇਂ ਮੈਨੂੰ,
ਮੌਤ ਸੁਨੇਹੜੇ ਘਲਦੀ, ਆ ਜਾ ਜਲਦੀ।
ਯਾਦ ਤੇਰੀ ਵਿਚ ਜੀਵਨ ਮੇਰਾ,
ਨਹੀਂ ਤਾਂ ਹਾਂ ਮੈਂ ਮਰਦੀ, ਅੱਗ ਵਿਚ ਸੜਦੀ।
(ਦੀਵਾਨੇ ਗੋਇਆ)

(੩)

# ਕਸ਼ਮੀਰ ਦੀ ਮਾਈ

ਭਾਗ ਭਰੀ ਨਾਮ ਦੀ ਬ੍ਰਿਧਾ ਮਾਈ ਨੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਨਿਮਿਤ ਹੱਥੀਂ ਕੱਤੇ ਸੂਤ ਦਾ ਕੱਪੜਾ ਸਾਂਭ ਕੇ ਰੱਖਿਆ ਹੋਇਆ ਹੈ। ਉਸ ਭਾਗਾਂ ਵਾਲੇ ਸਮੇਂ ਦੀ ਉਡੀਕ ਵਿਚ ਉਤਾਵਲੀ ਹੋ ਰਹੀ ਹੈ ਜਦਕਿ ਮੀਰੀ ਪੀਰੀ ਦੇ ਮਾਲਕ ਸ੍ਰੀ ਨਗਰ (ਕਸ਼ਮੀਰ) ਵਿਚ ਚਰਨ ਪਾਕੇ ਉਸਦੇ ਘਰ ਨੂੰ ਵੀ ਪਵਿਤ੍ਰ ਕਰਨਗੇ। ਉਸਦੀ ਚਿਤ ਨਦੀ ਵਿਚ ਪ੍ਰੇਮ ਦੀਆਂ ਲਹਿਰਾਂ ਉਛਾਲੇ ਮਾਰ ਰਹੀਆਂ ਹਨ। ਕੇਹੜਾ ਵੇਲਾ ਹੋਵੇ ਕਿ ਸੱਚੇ ਪਾਤਸ਼ਾਹ ਪਲੰਘ ਤੇ ਬੈਠੇ ਹੋਏ ਆਪਣੇ ਹੇਤ ਉਣਾਇਆ ਗਿਆ ਬਸਤ੍ਰ ਅਪਣੀ ਰਸਨਾਂ ਤੋਂ ਮੰਗ ਕੇ ਪਾਵਨ ਸਰੀਰ ਤੇ ਧਾਰਨ ਕਰਨ। ਇਹ ਸੱਧਰ ਹੈ ਮਨ ਦੀ। ਸਤਿਗੁਰ ਦਰਸ਼ਨ ਦੀ ਸਿੱਕ ਤੋਂ ਬਿਨਾਂ ਹੋਰ ਸਮੂਹ ਵਾਸ਼ਨਾਂ ਨੂੰ ਸਿਮਰਨ ਦੀ ਭੱਠੀ ਵਿਚ ਭਸਮੀ ਭੂਤ ਕਰ ਦਿੱਤਾ ਹੈ। ਉਡੀਕਦਿਆਂ ਉਡੀਕਦਿਆਂ ਸਰੀਰਕ ਪੁਤਲੇ ਦਾ ਅੰਤ ਸਮਾਂ ਨੇੜੇ ਆ ਢੁੱਕਾ ਹੈ। ਮਾਤਾ ਜੀ ਮੰਜੇ ਤੇ ਲੇਟੇ ਹੋਏ ਗੁਰੂ ਚਰਨਾਂ ਦੇ ਧਿਆਨ ਵਿਚ ਮਗਨ ਹਨ। ਗਵਾਂਢਣਾਂ ਪੁੱਛ ਰਹੀਆਂ ਹਨ, ਮਾਤਾ ! ਤੂੰ ਤਾਂ ਕਹਿੰਦੀ ਸੈਂ ਕਿ ਮਰਨ ਤੋਂ ਪਹਿਲਾਂ ਪਹਿਲਾਂ ਆਪ ਦਰਸ਼ਨ ਕਰਾਂਗੀ ਤੇ ਤੁਹਾਨੂੰ ਵੀ ਕਰਾਵਾਂਗੀ, ਪਰ ਇਹ ਗੱਲ ਸਿਰੇ ਚੜ੍ਹਦੀ ਨਜ਼ਰ ਨਹੀਂ ਆ ਰਹੀ। ਕਿਉਂਕਿ ਤੇਰੀ ਆਰਬਲਾ ਦਾ ਦੀਵਾ ਤਾਂ ਬੁਝਦਾ ਦਿਖਾਈ ਦੇ ਰਿਹਾ ਹੈ। ਮਾਤਾ ਜੀ ਕਹਿੰਦੇ ਹਨ, 'ਮੇਰਾ ਸਿਦਕ ਮੇਰੀ ਤੇ ਤੁਹਾਡੀ ਦਰਸ਼ਨ ਸਿੱਕ ਜ਼ਰੂਰ ਪੂਰੀ ਕਰੇਗਾ। ਜਦ ਤਕ ਦਰਸ਼ਨ ਨਾ ਹੋਵੇਗਾ, ਮੈਂ ਸਰੀਰ ਨਹੀਂ ਤਿਆਗਣਾ। ਗੁਰੂ ਜੀ ਦੀ ਕਿਰਪਾ ਨਾਲ ਧੁਰੋਂ ਆਏ ਵਰੰਟਾਂ ਨੂੰ ਮੋੜ ਦਿਆਂਗੀ। ਮੇਰਾ ਪੂਰਨ ਨਿਸਚਾ ਹੈ ਕਿ ਮੇਰੇ ਪੰਚ-ਭੂਤਕ ਪਿੰਜਰੇ ਵਿਚੋਂ ਮੇਰੇ ਪ੍ਰਾਣ ਪੰਖੇਰੂ ਉਡਣ ਸਮੇਂ ਮੇਰੇ ਸਤਿਗੁਰ ਮੇਰੇ ਸਾਹਮਣੇ ਬੈਠੇ ਦਰਸ਼ਨ ਦੇ ਰਹੇ ਹੋਣਗੇ।

Namdhari Elibrary NamdhariElibrary@gmail.com

# ਪ੍ਰੇਮ ਪ੍ਰੀਖਯਾ

ਮਾਤਾ ਜੀ ਦੇ ਸਾਹਮਣੇ ਇਕ ਪ੍ਰਕਾਸ਼ ਰੂਪ ਵਿਅਕਤੀ ਨੇ ਪਰਗਟ ਹੋ ਕੇ ਕਿਹਾ ਮਾਤਾ ਚੱਲ ਤੈਨੂੰ ਇੰਦਰਪੁਰੀ ਵਿਚ ਲੈ ਚੱਲਾਂ। ਉੱਤ੍ਰ ਮਿਲਿਆ ਮੈ ਤਾਂ ਕੇਵਲ ਗੁਰੂ ਹਰਿਗੋਬਿੰਦ ਜੀ ਦੇ ਦੀਦਾਰ ਹਿਤ ਜੀਉ ਰਹੀ ਹਾਂ। ਹੇ ਇੰਦਰ ! ਮੈਂ ਤੇਰੇ ਲੋਕ ਵਿਚ ਨਹੀਂ ਜਾਵਾਂਗੀ ਤੇਰਾ ਧੰਨਵਾਦ।

ਮੈਨੂੰ ਸਿੱਕ ਹੈ ਗੁਰੂ ਦੇ ਦਰਸ਼ਨਾਂ ਦੀ।
ਇੰਦਰ ਪੁਰੀ ਵਿਚ ਜਾ ਮੈਂ ਕੀ ਕਰਨਾ।
ਮੈਨੂੰ ਗੁਰੂ ਦੇ ਚਰਨਾਂ ਦਾ ਆਸਰਾ ਹੈ।
ਗੁਰੂ ਬਾਝ ਮੇਰਾ ਨਹੀਂ ਹੋਰ ਪਰਨਾ।
ਮਾਲਾ ਉਨ੍ਹਾਂ ਦੇ ਨਾਲ ਦੀ ਫੇਰ ਰਹੀ ਹਾਂ।
ਮੇਰਾ ਧਿਆਨ ਹੈ ਉਨ੍ਹਾਂ ਦੇ ਵਿਚ ਚਰਨਾਂ।
ਯਾਦ ਉਨ੍ਹਾਂ ਦੀ ਵਿਚ ਹੀ ਜੀ ਰਹੀ ਹਾਂ,
ਦਰਸ਼ਨ ਕਰਨ ਪਿਛੋਂ ਮੇਰਾ ਹੋਊ ਮਰਨਾ।
ਕਰੋ ਕਿਰਪਾ ਤੇ ਜਾਵੋ ਨਿਜ ਧਾਮ ਅੰਦਰ,
ਸਤਿਗੁਰ ਆਪਣੇ ਦਾ ਦਰਸ਼ਨ ਪਾਵਾਂਗੀ ਮੈਂ।
ਹੋਰ ਕਿਸੇ ਦੀ ਨਹੀਂ ਹੈ ਚਾਹ "ਆਲਿਮ",
ਗੁਰੂ ਚਰਨਾਂ ਤੋਂ ਵਾਰਨੇ ਜਾਵਾਂਗੀ ਮੈਂ।

ਇੰਦਰ ਦੇਵ ਵਾਪਸ ਚਲੇ ਗਏ। ਹੁਣ ਬ੍ਰਹਮਾ ਜੀ ਨੇ ਦਰਸ਼ਨ ਦੇ ਕੇ ਬ੍ਰਹਮ ਲੋਕ ਵਿਚ ਲੈ ਜਾਣ ਲਈ ਕਿਹਾ ਪ੍ਰੰਤੂ ਮਾਤਾ ਜੀ ਨੇ ਕਿਹਾ:-

ਮੈਂ ਉਡੀਕਨੀ ਹਾਂ ਬਾਜਾਂ ਵਾਲੜੇ ਨੂੰ,
ਹੋਰ ਕਿਸੇ ਦੇ ਦਰਸ਼ਨ ਦੀ ਲੋੜ ਨਾਹੀ।

ਰੋਮ ਰੋਮ ਅੰਦਰ ਮੇਰਾ ਗੁਰੂ ਰਚਿਆ,
ਜਿਸ ਦਾ ਧਿਆਨ ਮੈਂ ਸਕਦੀ ਛੋੜ ਨਾਹੀ।
ਚਰਨ ਕਮਲਾਂ ਦੇ ਨਾਲ ਪ੍ਰੀਤ ਲੱਗੀ,
ਜਿਨੂੰ ਕੋਈ ਵੀ ਸਕਦਾ ਤੋੜ ਨਾਹੀ।
ਬ੍ਰਹਮ ਪੁਰੀ ਦੀ ਮੈਨੂੰ ਉਮੰਗ ਨਾਹੀਂ,
ਮੇਰਾ ਉਸ ਦੇ ਨਾਲ ਕੋਈ ਜੋੜ ਨਾਹੀ।
ਜਾਓ ਜਾ ਕੇ ਕਰੋ ਅਰਾਮ ਬਾਬਾ,
ਜਾਣ ਬੁੱਝਕੇ ਕਰੋ ਨਾ ਜਿੱਚ ਮੈਨੂੰ।
ਮੁਖੜਾ ਦੇਖ ਕੇ ਹੋਵਾਂ ਨਿਹਾਲ "ਆਲਿਮ"
ਜਿਸ ਦੇ ਦਰਸਨਾਂ ਦੀ ਲਗੀ ਖਿੱਚ ਹੈ ਮੈਨੂੰ।

'ਧੰਨ ਗੁਰੂ ਚਰਨਾਂ ਦਾ ਪ੍ਰੇਮ' ਕਹਿੰਦੇ ਹੋਏ ਸ੍ਰੀ ਬ੍ਰਹਮਾ ਜੀ ਵੀ ਲੋਪ ਹੋ ਗਏ।

ਹੁਣ ਮਾਤਾ ਜੀ ਨੂੰ 'ਸ਼ਿਵ' ਜੀ ਮਹਾਰਾਜ ਦੇ ਦਰਸ਼ਨ ਹੋਏ। ਕਿਹਾ– ਮਾਤਾ ਚੱਲ ਤੈਨੂੰ ਸ਼ਿਵ ਪੁਰੀ ਦਾ ਦਰਸ਼ਨ ਕਰਾਈਏ। ਮਹਾਰਾਜ ! ਖੇਚਲ ਮਾਫ਼। ਮੈਂ ਕੇਵਲ ਸਤਿਗੁਰਾਂ ਦੀ ਉਪਾਸ਼ਕਾ ਹਾਂ। ਉਨ੍ਹਾਂ ਦੇ ਹੀ ਦਰਸ਼ਨਾਂ ਦੀ ਭੁੱਖੀ ਹਾਂ, ਉਨ੍ਹਾਂ ਦੇ ਹੀ ਨਾਲ ਗੁਰ–ਪੁਰੀ ਨੂੰ ਪਧਾਰਨ ਦੀ ਆਸ਼ਾ ਹੈ।

ਮੈ ਉਪਾਸ਼ਕ ਹਾਂ ਆਪਣੇ ਸਤਿਗੁਰਾਂ ਦੀ,
ਦਰਸ਼ਨ ਕਰਾਂ ਤਾਂ ਆਵੇ ਆਰਾਮ ਮੈਨੂੰ।
ਬੌਰੀ ਹੋ ਰਹੀ ਹਾਂ ਕੁਛ ਨਹੀਂ ਸੁੱਝਦਾ ਹੈ,
ਖਾਨ ਪਾਨ ਹੋ ਗਿਆ ਹਰਾਮ ਮੈਨੂੰ।
ਕਦੋਂ ਮਿਲਨਗੇ ਉਹ ਸੁੰਦਰ ਸ਼ਾਮ ਮੈਨੂੰ,
ਯਾਦ ਆਂਵਦੇ ਜੋ ਸੁਬਹ ਸ਼ਾਮ ਮੈਨੂੰ।
ਓਦੋਂ ਦੁਖੜੇ ਸਾਰੇ ਹੀ ਦੂਰ ਹੋਵਣ,

ਭਰ ਕੇ ਦੇਣ ਜਾਂ ਅੰਮ੍ਰਿਤ ਦਾ ਜਾਮ ਮੈਨੂੰ।
ਚਰਨ ਕਮਲਾਂ ਦੀ ਧੂੜੀ ਦਾ ਜਦੋਂ ਸੁਰਮਾ,
ਦੁਹਾਂ ਨੈਣਾਂ ਦੇ ਵਿਚ ਮੈਂ ਪਾ ਲਵਾਂਗੀ।
'ਆਲਿਮ' ਅੰਦਰ ਵਾਲਾ ਨੇਤ੍ਰ ਖੁਲ੍ਹ ਜਾਸੀ,
ਮਨ ਦੇ ਮੰਦਰ ਵਿਚ ਜੋਤ ਜਗਾ ਲਵਾਂਗੀ।

ਸ਼ਿਵ ਜੀ ਵੀ ਮਾਤਾ ਦੇ ਅਨੱਨਯ ਪ੍ਰੇਮ ਦੀ ਸਲਹੁਤਾ ਕਰਦੇ ਹੋਏ ਸ਼ਿਵ ਪੁਰੀ ਨੂੰ ਪਧਾਰੇ।

ਹੁਣ ਮਾਤਾ ਜੀ ਨੂੰ 'ਵਿਸ਼ਨੂੰ ਭਗਵਾਨ' ਨੇ ਦਰਸ਼ਨ ਦੇ ਕੇ ਬੈਕੁੰਠ ਵਿਚ ਚੱਲਣ ਦੀ ਪ੍ਰੇਰਨਾਂ ਕੀਤੀ ਪਰ ਮਾਤਾ ਜੀ ਆਪਣਾ ਹੀ ਗੀਤ ਅਲਾਪ ਰਹੇ ਹਨ। ਕਹਿ ਰਹੇ ਹਨ-ਮਹਾਰਾਜ! ਧੰਨ ਭਾਗ ! ਜੀ ਆਇਆਂ ਨੂੰ---"ਦਰ ਦਰਸ਼ਨ ਕਾ ਪ੍ਰੀਤਮ ਹੋਵੈ ਮੁਕਤ ਬੈਕੁੰਠੈ ਕਰਹਿ ਕਿਆ॥"

'ਭਾਵੇਂ ਲੱਖਾਂ ਬੈਕੁੰਠਾਂ ਦਾ ਰਾਜ ਹੋਵੇ,
ਨਜ਼ਰ ਤਲੇ ਮੈਂ ਮੂਲ ਨਾ ਲਿਆਂਵਦੀ ਹਾਂ।
ਜਿਥੇ ਸਤਿਗੁਰੂ ਉਥੇ ਬੈਕੁੰਠ ਮੇਰਾ,
ਇੱਕੋ ਲੱਖਾਂ ਦੀ ਗੱਲ ਮੈਂ ਜਾਣਦੀ ਹਾਂ।
ਜੀਹੜੇ ਵਾਸਤੇ ਜੋਗ ਕਮਾਣ ਜੋਗੀ,
ਮੁਕਤੀ ਤਾਈਂ ਵੀ ਨਹੀਂ ਸਿਆਣਦੀ ਹਾਂ।
ਹੋਰ ਕਿਸੇ ਦਾ ਸਿੱਕਾ ਨਾ ਮੰਨਦੀ ਹਾਂ,
ਬਾਂਦੀ ਸਤਿਗੁਰ ਪੁਰਖ ਸੁਜਾਣ ਦੀ ਹਾਂ।
ਮੇਰੀ ਪ੍ਰੀਤ ਨੂੰ ਕਰਨਗੇ ਸਫਲ ਆਪੇ,
"ਆਲਿਮ" ਸਤਿਗੁਰਾਂ ਦਾ ਇੰਤਜ਼ਾਰ ਕਰਸਾਂ।
ਗੱਲ ਕਰਾਂ ਮੈਂ ਨਾਲ ਯਕੀਨ ਦੇ ਇਹ,
ਦੇਹ ਛੱਡਣ ਤੋਂ ਪਹਿਲਾਂ ਦੀਦਾਰ ਕਰਸਾਂ।'

ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਖੇ ਲਿਖਿਆ ਹੈ:- ਮਾਈ ਨੇ ਕਿਹਾ:-

"ਕੋਟ ਬ੍ਰਹਿਮੰਡ ਦ੍ਰਿਸ਼ਟਿ ਜਿਸ ਮਾਹੀਂ।
ਐਸ ਧਾਮ ਗੁਰ ਛੋਡਹੁੰ ਨਾਹੀਂ।"
ਜਬ ਗੁਰ ਆਵਹਿ ਜਾਮਾ ਧਾਰ।
ਬੈਠ ਪਲੰਘ ਮਮ ਦੇਹਿੰ ਦੀਦਾਰ।
ਤਬ ਹੌਂ ਕਰਹੌਂ ਦੇਹ ਤਿਆਗ।
ਜਾਊਂ ਧਾਮ ਗੁਰ ਕੇ ਬਡ ਭਾਗ।

ਵਿਸ਼ਨੂੰ ਜੀ ਇਸ ਅਦੁਤੀ ਪ੍ਰੇਮ ਦੀ ਉਪਮਾ ਕਰਦੇ ਹੋਏ ਨਿਜ ਧਾਮ ਨੂੰ ਪਧਾਰੇ:-

"ਧੰਨ ਧੰਨ ਤਬ ਵਿਸ਼ਨ ਉਚਾਰਾ।
ਸ੍ਰੀ ਗੁਰ ਦੇਵਹਿ ਤੋਹਿ ਦਿਦਾਰਾ।"
ਇਹ ਵਰ ਵੀ ਦੇ ਗਏ।

## ਗੁਰੂ ਦਰਸ਼ਨ

ਛੇਕੜ ਮਾਤਾ ਦਾ ਪ੍ਰੇਮ ਫਲੀਭੂਤ ਹੁੰਦਾ ਹੈ। ਮੀਰੀ ਪੀਰੀ ਦੇ ਮਾਲਿਕ ਪਹਾੜਾਂ ਦਾ ਔਖਾ ਸਫਰ ਨਿਬੇੜਦੇ ਹੋਏ ਕਸ਼ਮੀਰ ਪੁਜਦੇ ਹਨ। ਕੁਛ ਸੇਵਕ ਨਾਲ ਹਨ। ਮਾਈ ਦੇ ਨੇਤ੍ਰ ਬੰਦ ਹੋ ਚੁਕੇ ਸਨ ਪਰ ਜਦ ਚਰਨਾਂ ਤੇ ਮੱਥਾ ਟੇਕ ਕੇ ਉਤਾਂਹ ਤਕਿਆ ਤਾਂ ਨੇਤ੍ਰ ਖੁਲ੍ਹ ਗਏ। ਮਸਤਾਨੀ ਹੋ ਕੇ ਗੀਤ ਗੌਣ ਲਗ ਪਈ:-

"ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ॥
ਘਰਿ ਆਪਨੜੈ ਖੜੀ ਤਕਾ ਮੈ ਮਨਿ ਚਾਉ ਘਨੇਰਾ ਰਾਮ॥
ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈ ਤੇਰਾ ਭਰਵਾਸਾ॥
ਦਰਸਨੁ ਦੇਖਿ ਭਈ ਨਿਹਕੇਵਲ ਜਨਮ ਮਰਣ ਦੁਖੁ ਨਾਸਾ॥
ਸਗਲੀ ਜੋਤਿ ਜਾਤਾ ਤੂ ਸੋਈ ਮਿਲਿਆ ਭਾਇ ਸੁਭਾਏ॥
ਨਾਨਕ ਸਾਜਨ ਕਉ ਬਲਿ ਜਾਈਐ ਸਾਚਿ ਮਿਲੇ ਘਰਿ ਆਏ॥"

ਸੱਚੇ ਪਾਤਸ਼ਾਹ ਜੀ ਪਲੰਘ ਤੇ ਬੈਠਦੇ ਹੀ ਕਹਿੰਦੇ ਹਨ:-

## ਭਜਨ

(ਟੇਕ)-ਮਾਤਾ ਛੇਤੀ ਬਸਤ੍ਰ ਦੇਵੋ ਸਾਡੇ ਹੇਤ ਉਣਾਇਆ ਜੋ।
ਸਾਡੇ ਹੇਤ ਉਣਾ ਕੇ ਮਾਤਾ ਵਿਚ ਪਟਾਰ ਰਖਾਇਆ ਜੋ।
ਚੋਲਾ ਉਸਦਾ ਅਸੀਂ ਸਿਵਾਈਏ, ਤੇਰੇ ਵੇਖਦਿਆਂ ਗਲ ਪਾਈਏ,
ਮਾਤਾ ਇਕ ਪਲ ਬਿਲਮ ਨ ਲਾਈਏ, ਤੇਰੇ ਮਨ ਵਿਚ ਆਇਆ ਜੋ।
ਮਾਈ ਸੁਣਕੇ ਗਦ ਗਦ ਹੋਈ, ਆਖੇ ਮੇਰੇ ਜੇਹਾ ਨ ਕੋਈ,
ਮੇਰਾ ਸਫਲ ਜਨਮ ਅਜ ਹੋਇਆ, ਦਰਸ਼ਨ ਗੁਰਾਂ ਦਿਖਾਇਆ ਜੋ।
ਮਾਤਾ ਛੇਤੀ ਬਸਤ੍ਰ ਦੇਵੋ ਸਾਡੇ ਹੇਤ ਉਣਾਇਆ ਜੋ।

ਮਾਤਾ ਨੇ ਪਟਾਰ ਵਿੱਚੋਂ ਬਸਤ੍ਰ ਕੱਢਕੇ ਸਤਿਗੁਰਾਂ ਦੇ ਚਰਨਾਂ ਵਿਚ ਮੱਥਾ ਟੇਕਿਆ ਤੇ ਹਜ਼ੂਰ ਨੇ ਝਟ ਪਟ ਸਿਲਾਕੇ ਗਲ ਵਿਚ ਪਹਿਰਦਿਆਂ ਮਾਈ ਨੂੰ ਸਫਲ ਮਨੋਰਥ ਕੀਤਾ।

ਮਾਤਾ ਜੀ ਦੀ ਸੱਧਰ ਪੂਰੀ ਹੋ ਗਈ ਧਰਤੀ ਤੇ ਲੇਟ ਗਏ, ਅਤੇ ਦਰਸ਼ਨ ਕਰਦਿਆਂ ਕਰਦਿਆਂ ਸਰੀਰ ਤਿਆਗ ਦਿੱਤਾ। ਮੀਰੀ ਪੀਰੀ ਦੇ

Namdhari Elibrary NamdhariElibrary@gmail.com

ਮਾਲਿਕ ਨੇ ਆਪਣੀ ਹੱਥੀਂ ਸਸਕਾਰ ਕੀਤਾ ਨਾਲ ਮਾਰੂ ਡਖਣੇ ਦੀ ਵਾਰ ਪੜ੍ਹੀ। ਗੁਰਬਿਲਾਸ ਵਿਚ ਲਿਖਿਆ ਹੈ ਕਿ:-

"ਗੁਰ ਸਨਮੁਖ ਟਿਕਾਇ ਦ੍ਰਿਗ ਲਾਇ।
ਭੂਮ ਸੈਨ ਕੀਨੋ ਹਰ ਖਾਇ।
ਦਰਸ਼ਨ ਕਰਤ ਦੇਹ ਤਬ ਤਿਆਗੀ,
ਕਿਰਪਾ ਸਿੰਧੁ ਕੇ ਰਸ ਮੋਂ ਪਗੀ।

# ਪ੍ਰੇਮ ਤਰਫੋੜੇ

## (ਗਜ਼ਲ)

## (ੳ) ਭਗਵਾਨ ਤੁਮ੍ਹੇਂ ਕਿਆ

ਇਕ ਵੁਹ ਹੈਂ ਕਿ ਜਿਨਕੀ ਨਹੀਂ ਦੌਲਤ ਕਾ ਠਿਕਾਨਾ।
ਇਕ ਹਮ ਹੈਂ ਕਿ ਲਿੱਖਾ ਨਹੀਂ ਤਕਦੀਰ ਮੇਂ ਦਾਨਾ।
ਧਨਵਾਨ ਗ਼ਰੀਬੋਂ ਕਾ ਲਹੂ ਚਾਟ ਰਹਾ ਹੈ।
ਇਨਸਾਨ ਹੀ ਇਨਸਾਨ ਕਾ ਗਲਾ ਕਾਟ ਰਹਾ ਹੈ।
ਝੂਲੇ ਮੇਂ ਕਰੋ ਚੈਨ ਸੇ ਬਿਸ੍ਰਾਮ ਤੁਮ੍ਹੇਂ ਕਿਆ।
ਭਗਵਾਨ ਤੁਮ੍ਹੇਂ ਕਿਆ, ਘਨ ਸ਼ਿਆਮ ਤੁਮ੍ਹੇਂ ਕਿਆ।
ਕਟਤੀ ਹੈ ਸਰੇ ਰਾਹ ਗ਼ਰੀਬੋਂ ਕੀ ਜਵਾਨੀ।
ਕਿਉਂ ਆਖ ਮੇਂ ਪੱਥਰ ਕੀ ਨਿਕਲਤਾ ਨਹੀਂ ਪਾਨੀ।
ਕਰਤਾ ਹੈ ਜ਼ਮਾਨਾ ਤੁਝੇ ਪ੍ਰਣਾਮ ਤੁਮ੍ਹੇਂ ਕਿਆ।
ਭਗਵਾਨ ਤੁਮ੍ਹੇਂ ਕਿਆ, ਘਣ ਸ਼ਿਆਮ ਤੁਮ੍ਹੇਂ ਕਿਆ॥੧॥

# (ਅ) ਕਿਸਕੋ ਕਹਿਤੇ ਹੈਂ ?

ਬਜੁਜ਼ ਰੰਜੋ ਮੁਸੀਬਤ ਦੁਨਯਾ ਕਿਸਕੋ ਕਹਿਤੇ ਹੈਂ ?
ਇਸੇ ਬਸਤੀ ਨਹੀਂ ਕਹਿਤ ਤੋ ਸਹਿਰਾ ਕਿਸਕੋ ਕਹਿਤੇ ਹੈਂ ?
ਤਅੱਜੁਬ ਹੈ ਕਿ ਹਰ ਲਮਹਾ ਯਹੀ ਕਹਿਤੇ ਹੈਂ ਕਿ ਮਰ ਜਾਓ,
ਫ਼ਨਾ ਤੋ ਹੋ ਚੁਕਾ ਹੂੰ, ਔਰ ਮਰਨਾ ਕਿਸਕੋ ਕਹਿਤੇ ਹੈਂ ?
ਅਗਰ ਦਿਲ ਖੋਲ ਕਰ ਵੁਹ ਦਿਲ ਜਲੋਂ ਸੇ ਗੁਫ਼ਤਗੂ ਕਰ ਲੇਂ,
ਸਮਝ ਜਾਏਂ ਦਿਲੇ ਮੁਜ਼ਤਿਰ ਕਾ, ਜਜ਼ਬਾ ਕਿਸਕੋ ਕਹਿਤੇ ਹੈਂ ?
ਵੁਹ ਝਟ ਅਪਨੀ ਰਵਸ਼ ਬਦਲੇਂ, ਅਗਰ ਅਹਿਸਾਸ ਹੋ ਜਾਏ,
ਕਿ ਉਲਫ਼ਤ ਔਰ ਉਲਫ਼ਤ ਕਾ ਤਕਾਜ਼ਾ ਕਿਸਕੋ ਕਹਿਤੇ ਹੈਂ ?
ਪਤੰਗਾ ਜਬ ਲਗਾ ਜਲਨੇ ਤੋ ਯੂੰ ਬੇਸਾਖ਼ਤਾ ਬੋਲਤ,
ਇਸੇ ਮਰਨਾ ਨਹੀਂ ਕਹਿਤੇ ਤੋ ਮਰਨਾ ਕਿਸਕੋ ਕਹਿਤੇ ਹੈਂ ?
ਸਿਤਮਗਰ ਭੀ, ਜਮਾਨਾ ਭੀ, ਫ਼ਲਕ ਭੀ ਹੋ ਅਦੂ ਜਿਸਕਾ,
ਵੁਹ ਬੇਬਸ ਖ਼ਾਕ ਜਾਨੇਗਾ ਸਹਾਰਾ ਕਿਸਕੋ ਕਹਿਤੇ ਹੈਂ ?
ਜਨਾਜ਼ਾ ਦੇਖਤੇ ਹੀ ਸਾਗਰੇ ਮਰਹੂਮ ਕਾ ਬੋਲੇ,
ਇਸੇ ਮਰਨਾ ਹੀ ਥਾ ਆਖਿਰ ਨਸੀਬਾ ਕਿਸਕੋ ਕਹਿਤੇ ਹੈਂ ?

(ੲ)

'ਨ ਕੋਈ ਹਮ ਸੁਖ਼ਨ ਮੇਰਾ, ਨ ਕੋਈ ਹਮ ਜ਼ਬਾਂ ਮੇਰਾ।
ਮਿਰੇ ਪ੍ਰਮਾਤਮਾ ਲੇ ਦੇਖ ਹਾਲੇ ਨਾਤਵਾਂ ਮੇਰਾ।
ਮਿਰੀ ਮਜਬੂਰੀਆਂ ਅਬ ਇਸ ਸੇ ਬੜ੍ਹ ਕਰ ਔਰ ਕਿਆ ਹੋਤੀਂ,
ਮਿਰੀ ਆਖੋਂ ਕੇ ਆਗੇ ਜਲ ਰਹਾ ਹੈ ਆਸ਼ਜਾਂ ਮੇਰਾ।
ਵਤਨ ਛੂਟਾ, ਅਜ਼ੀਜ਼ੋ ਅਕਰਬਾ ਛੂਟੇ, ਮਕਾਂ ਛੂਟਾ,
ਬਸੇਰਾ ਹੋ ਗਿਆ ਅਬ ਜ਼ੇਰ ਸਕਫ਼ੇ ਆਸਮਾਂ ਮੇਰਾ।
ਜ਼ਮੀਂ ਮਾਂਗੀ ਥੀ ਲੇਕਿਨ ਜੇਲਖਾਨਾ ਮਿਲ ਗਜਾ ਮੁਝ ਕੋ,
ਯੇਹ ਅੱਛਾ ਇਮਤਿਹਾਂ ਲੇਤਾ ਹੈ ਰੱਬੇ ਦੋ ਜਹਾਂ ਮੇਰਾ।*

\# ਪ੍ਰੇਮ ਸਾਗਰ 'ਸਾਗਰ'। * '[illegible]' (ਨਕੋਦਰੀ)

Namdhari Elibrary NamdhariElibrary@gmail com

(੪)

# ਦ੍ਰੋਪਤੀ ਦੀ ਕੂਕ

ਦੁਰਯੋਧਨ ਦੇ ਸਜੇ ਹੋਏ ਆਲੀਸ਼ਾਨ ਦਰਬਾਰ ਵਿਚ ਜਿੱਥੇ ਭੀਸ਼ਮ ਪਿਤਾਮਾ ਜੈਸੇ ਬਜ਼ੁਰਗਮ ਸ੍ਰੀ ਦ੍ਰੋਣਾਚਾਰਜ ਜੈਸੇ ਆਚਾਰਜ ਅਤੇ ਕਰਨ ਜੈਸੇ ਦਾਨੀ ਆਪਣੇ ਆਪਣੇ ਪਦ ਅਧਿਕਾਰ ਅਨੁਸਾਰ ਬੈਠੇ ਹਨ। ਪੰਚਾਲ ਦੇਸ਼ ਦੇ ਰਾਜਾ ਦਰੁਪਤ ਦੀ ਪੁੱਤ੍ਰੀ ਦ੍ਰੋਪਦੀ (ਜਿਸ ਦਾ ਅਸਲ ਨਾਉਂ ਕ੍ਰਿਸ਼ਨਾਂ ਸੀ) ਸੰਕਟ ਗ੍ਰਸਤ ਖੜੀ ਹੈ। ਦੁਸਟ ਦੁਸ਼ਾਸਨ ਆਪਣੇ ਮਹਾਰਾਜਾ ਦੁਰਯੋਧਨ ਦੀ ਆਗਜਾ ਅਨੁਸਾਰ ਉਸ ਨੂੰ ਕੇਸਾਂ ਤੋਂ ਧੂਹ ਕੇ ਲਿਆਇਆ ਹੈ। ਦ੍ਰੋਪਦੀ ਰਜੱਸਵੱਲਾ ਦਸ਼ਾ ਵਿਚ ਹੈ। ਪੈਰਾਂ ਤੋਂ ਲੈ ਕੇ ਸਿਰ ਤਕ ਕੇਵਲ ਇਕੋ ਧੋਤੀ ਪਹਿਨੀ ਹੋਈ ਹੈ। ਦੁਰਯੋਧਨ ਕੜਕ ਕੇ ਕਹਿੰਦਾ ਹੈ-ਦ੍ਰੋਪਤੀ ! ਅੱਜ ਮੈਂ ਤੈਨੂੰ ਭਰੇ ਦਰਬਾਰ ਵਿਚ ਇਕ ਅਪ੍ਰਾਧ ਦਾ ਦੰਡ ਦੇਣ ਹਿਤ ਬੁਲਾਇਆ ਹੈ। ਦ੍ਰੋਪਤੀ ਨਿਡਰ ਹੋ ਕੇ ਪੁਛਦੀ ਹੈ,

"ਕਿਹੜਾ ਅਪ੍ਰਾਧ ਦੁਰਯੋਧਨ ?"

ਦੁਰਯੋਧਨ-"ਦ੍ਰੋਪਦੀ ਭੁੱਲ ਗਿਆ ਅਪ੍ਰਾਧ ? ਯਾਦ ਕਰ ਜਿਸ ਦਿਨ ਮੈਂ ਮਾਯਾਵੀ ਸਭਾ ਵਿਚ ਸੁੱਕੇ ਥਾਂ ਨੂੰ ਜਲ ਵਾਲਾ ਅਤੇ ਜਲ ਵਾਲੇ ਥਾਂ ਨੂੰ ਸੁੱਕਾ ਸਮਝ ਕੇ ਡਿੱਗਾ ਸਾਂ, ਤੇ ਤੂੰ ਮਹੱਲਾਂ ਦੀ ਬਾਰੀ ਵਿੱਚ ਬੈਠੀ ਨੇ ਹਾਸੀ ਕਰਦਿਆਂ ਕਿਹਾ ਸੀ ਕਿ-ਰਹੇ ਅੰਨ੍ਹੇ ਦੇ ਅੰਨ੍ਹੇ। ਅੱਜ ਮੈਂ ਤੈਨੂੰ ਉਸ ਕੁਬੋਲ ਦਾ ਸੁਆਦ ਚਖਾਵਾਂਗਾ। ਭਰੀ ਸਭਾ ਵਿਚ ਨਗਨ ਕਰ ਕੇ ਆਪਣਾ ਕਲੇਜਾ ਠੰਢਾ ਕਰਾਂਗਾ।"

ਪੰਜੇ ਭਰਾ ਪਾਂਡਵ ਨਗਨ ਕਰ ਕੇ ਇਕ ਪਾਸੇ ਬਿਠਾਏ ਹੋਏ ਹਨ। ਭੀਮ ਅਤੇ ਅਰਜੁਨ ਨੂੰ ਦ੍ਰੋਪਤੀ ਦਾ ਅਪਮਾਨ ਦੇਖ ਕੇ ਕਚੀਚੀਆਂ ਆ ਰਹੀਆਂ ਹਨ, ਪਰ ਧਰਮ-ਪੁੱਤ੍ਰ ਰਾਜਾ ਯੁਧਿਸ਼ਟਰ ਉਨ੍ਹਾਂ ਦੀ ਪੇਸ਼ ਨਹੀਂ ਜਾਣ ਦਿੰਦੇ।

Namdhari Elibrary NamdhariElibrary@gmail.com

# ਦ੍ਰੋਪਤੀ ਦਾ ਪ੍ਰਸ਼ਨ

ਦ੍ਰੋਪਤੀ ਦੁਰਜੋਧਨ ਨੂੰ ਪੁਛਦੀ ਹੈ ਕਿ ਤੇਰੇ ਕੋਲ ਅਤੇ ਦਰਬਾਰ ਵਿੱਚ ਸਜੇ ਹੋਏ ਬੜੇ ਬੜੇ ਗੁਰੂਆਂ, ਯੋਧਿਆਂ ਅਤੇ ਭੀਸ਼ਮ ਜੀ ਜੈਸੇ ਬਾਲ ਬ੍ਰਹਮ ਚਾਰੀਆਂ ਦੇ ਸਉਹੇਂ ਇਕ ਪ੍ਰਸ਼ਨ ਰਖਦੀ ਹਾਂ। ਜਦ ਤਕ ਮੈਨੂੰ ਇਸ ਦਾ ਉੱਤਰ ਨਾ ਮਿਲੇ ਤੁਸੀਂ ਮੇਰੇ ਉੱਤੇ ਕੋਈ ਅੱਤਿਆਚਾਰ ਕਰਨ ਦਾ ਅਧਿਕਾਰ ਨਹੀਂ ਰਖਦੇ। ਸਭਾ ਵਿਚੋਂ ਆਵਾਜ਼ ਆਉਂਦੀ ਹੈ-ਕਹੋ ਦ੍ਰੋਪਤੀ, ਕੀ ਪ੍ਰਸ਼ਨ ਹੈ ?

ਦ੍ਰੋਪਤੀ-"ਮਹਾਰਾਜ ਯੁਧਿਸ਼ਟਰ ਮੈਨੂੰ ਦਾ ਤੇ ਲਾਣ ਤੋਂ ਪਹਿਲਾਂ ਆਪਣੇ ਆਪ ਨੂੰ ਹਾਰ ਚੁੱਕੇ ਸਨ। ਏਸ ਲਈ ਹਾਰੇ ਹੋਏ ਪੁਰਸ਼ ਨੂੰ ਕੋਈ ਅਧਿਕਾਰ ਨਹੀਂ ਸੀ ਕਿ ਮੈਨੂੰ ਸੁਤੰਤ੍ਰ ਨੂੰ ਦਾ ਤੇ ਲਗਾਂਦਾ। ਏਸ ਲਈ ਮੈਂ ਜਿੱਤੀ ਨਹੀਂ ਗਈ। ਤਾਂ ਤੇ ਦੁਰਜੋਧਨ ਦਾ ਕੋਈ ਹੱਕ ਨਹੀਂ ਕਿ ਮੇਰੇ ਉਤੇ ਕੋਈ ਅੱਤਜਾਚਾਰ ਕਰੇ।"

ਪ੍ਰਸ਼ਨ ਬੜਾ ਵਜ਼ਨਦਾਰ ਸੀ ਜਿਸ ਦਾ ਕਿਸੇ ਤੋਂ ਉੱਤਰ ਨਾ ਬਣ ਆਇਆ। ਪਿਤਾਮਾ ਜੀ, ਦ੍ਰੋਣਾ ਚਾਰਜ ਜੀ ਅਤੇ ਦਾਨਬੀਰ ਕਰਨ, ਸਭ ਦੀਆਂ ਜ਼ਬਾਨਾਂ ਬੰਦ ਹਨ। ਕੋਈ ਕੁਸਕਦਾ ਨਹੀਂ।

ਦੁਰਜੋਧਨ-ਦ੍ਰੋਪਤੀ ਏਥੇ ਗੱਲਾਂ ਨਾਲ ਛੁਟਕਾਰਾ ਨਹੀਂ ਹੋ ਸੱਕਣਾ। ਤੂੰ ਕਹਿੰਦੀ ਸੈਂ ਕਿ ਤੇਰਾ ਕ੍ਰਿਸ਼ਨ ਸਾਖਜਾਤ ਭਗਵਾਨ ਹੈ। ਉਹ ਤੇਰੀ ਪਤ ਦਾ ਰਾਖਾ ਹੈ। ਉਸ ਦੇ ਹੁੰਦਿਆਂ ਤੈਨੂੰ ਕੋਈ ਡਰ ਨਹੀਂ। ਅੱਜ ਪ੍ਰੀਖਿਆ ਦਾ ਸਮਾਂ ਹੈ। ਉਸ ਨੂੰ ਸੱਦ ਤਾਕਿ ਤੇਰੀ ਰੱਖਿਆ ਕਰ ਸੱਕੇ। ਜੇ ਉਹ ਅੱਜ ਬਹੁੜੇ ਤਾਂ ਮੈਂ ਵੀ ਮੰਨ ਲਵਾਂਗਾ ਕਿ ਉਹ ਸੱਚ ਮੁੱਚ ਵੈਸਾ ਹੀ ਹੈ ਜੈਸਾ ਤੂੰ ਆਖਦੀ ਹੈਂ।

## ਗੀਤ

ਸੱਦ ਅਪਣਾ ਕ੍ਰਿਸ਼ਨ ਮੁਰਾਰੀ , ਜਿਸ ਦਾ ਮਾਨ ਕਰਦੀ ਸੈਂ।
ਤੇਰੀ ਲਾਜ ਸਭਾ ਵਿੱਚ ਰੱਖ ਲੈ, ਜਿਸ ਦਾ ਧਿਆਨ ਧਰਦੀ ਸੈਂ।
ਅੱਜ ਦੇਖਾਂ ਉਸ ਦੀ ਸ਼ਕਤੀ, ਜੀਹਦੇ ਗੁਣ ਗਾਨ ਕਰਦੀ ਸੈਂ।
ਅੱਜ ਕਸ਼ਟ ਸਮੇਂ ਉਹ ਬਹੁੜੇ, ਜਿਸ ਦਾ ਮਾਨ ਕਰਦੀ ਸੈਂ।
ਸੱਦ ਅਪਣਾ ਕ੍ਰਿਸ਼ਨ ਮੁਰਾਰੀ.................।

## ਦ੍ਰੋਪਤੀ

ਰੱਬ ਦੇ ਹਜ਼ੂਰ ਲੇਖਾ ਦੇਣਾ ਪਊਗਾ, ਪੁੱਠੀਆਂ ਕਿਉਂ ਚੱਕੀਆਂ ਨੀਂ।
ਰੱਬ ਦਾ ਤੇ ਅੱਤ ਦਾ ਹੈ ਵੈਰ ਮੁਢੋਂ ਚਲਾ ਆਇਆ,
ਸੱਦ ਕੇ ਹਜ਼ੂਰ ਤੈਥੋਂ ਜੁਆਬ ਲਊਗਾ-ਪੁਠੀਆਂ ਕਿਉਂ......।

## ਟੈਲੀਫ਼ੋਨ

ਦ੍ਰੋਪਤੀ ਅੱਖਾਂ ਮੀਟ ਲੈਂਦੀ ਹੈ ਤੇ ਸ਼ਾਮ ਸੁੰਦਰ ਦਾ ਧਿਆਨ ਧਰਦੀ ਹੈ। ਇਹ ਅਧਜਆਤਮਕ ਟੈਲੀਫ਼ੋਨ ਹੈ। ਅੱਜ ਦਾ ਸਾਇੰਟਿਸਟ ਭਾਵੇਂ ਇਸ ਨੂੰ ਇਕ ਗੱਪ ਹੀ ਕਹਿ ਦੇਵੇ, ਪਰ ਉਹ ਚੂੰਕਿ ਰੂਹਾਨੀ ਸਾਇੰਸ (Spirtual Science) ਤੋਂ ਅਨਭਿੱਗ ਹੈ, ਇਸ ਲਈ ਉਸ ਦੇ ਅਜਿਹਾ ਕਹਿਣ ਦਾ ਕੌਡੀ ਮੁੱਲ ਨਹੀਂ। ਰੂਹਾਨੀ ਸਾਇੰਸ ਦਾ ਸ੍ਵਾਧਜਾਇ ਕਰਨ ਵਾਲੇ ਮਹਾਂ ਪੁਰਖ ਹੀ ਇਸ ਦੇ ਮਰਮ ਨੂੰ ਜਾਣ ਸਕਦੇ ਹਨ-ਦੂਜਾ ਨਹੀਂ। ਦ੍ਰੋਪਤੀ ਆਪਣੀ ਸੁਰਤ ਦੇ ਖਿਡਾਓ ਨੂੰ ਸ੍ਰੀ ਸ਼ਾਮ ਸੁੰਦਰ ਦੇ ਚਰਨ ਕਮਲਾਂ ਵਿੱਚ ਕੇਂਦ੍ਰਿਤ ਕਰਦਿਆਂ ਹੋਇਆਂ ਇਉਂ ਬੇਨਤੀ ਕਰ ਰਹੀ ਹੈ:-

"ਐ ਪ੍ਰਭੂ ਰਖਸ਼ਕ ਤੂ ਹੀ ਇਸ ਵਕਤ ਅਬਲਾ ਨਾਰ ਕਾ।
ਕੋਈ ਹਮਦਰਦੀ ਨਹੀਂ ਇਸ ਦ੍ਰੋਪਤੀ ਦੁਖਿਆਰ ਕਾ।
ਧਰਮ ਕੀ ਜ਼ੰਜੀਰ ਮੇਂ ਬਲਬੀਰ ਹੈਂ ਬਾਂਧੇ ਖੜੇ,
ਅਬ ਤੋਂ ਕੇਵਲ ਆਸਰਾ ਤੁਝ ਵਿਸ਼ਵ ਕੇ ਆਧਾਰ ਕਾ।
ਥਾ ਤਿਰਾ ਇਰਸ਼ਾਦ ਕਿ ਸੱਚੀ ਜ਼ਰੂਰਤ ਮੇਂ ਤੁਝੇ,
ਦੂੰਗਾ ਇਵਜ਼ਾਨਾ ਤਿਰੀ ਸਾੜ੍ਹੀ ਕੀ ਇਕ ਇਕ ਤਾਰ ਕਾ।
ਏਕ ਧੋਤੀ ਕੇ ਸਹਾਰੇ ਨਾਥ ਬਚ ਸਕਤੀ ਨਹੀਂ,
ਭੇਜ ਲਾਖੋਂ ਸਾੜ੍ਹੀਆਂ ਦਰ ਖੋਲ੍ਹ ਦੇ ਭੰਡਾਰ ਕਾ।
ਦੀਨ ਬੰਧੂ ਨਾਮ ਗਰ ਕਹਿਲਾਨੇ ਕਾ ਕੁਛ ਸ਼ੌਕ ਹੈ,
ਤੋ ਲਾਜ ਰਖ ਲੇ ਨਾਮ ਕੀ ਯੇਹ ਵਕਤ ਹੈ ਉਪਕਾਰ ਕਾ।

# ਇਕਰਾਰ ਦੀ ਯਾਦ

ਇਕ ਵਾਰ ਸ੍ਰੀ ਕ੍ਰਿਸ਼ਨ ਜੀ ਚਾਕੂ ਨਾਲ ਫਲ ਕੱਟ ਰਹੇ ਸੀ। ਦੇਵ ਨੇਤ ਚਾਕੂ ਲੱਗਣ ਨਾਲ ਉਂਗਲੀ ਨੂੰ ਚੀਰ ਆ ਗਿਆ। ਲਹੂ ਸਿੰਮਿਆ ਤਾਂ ਹਜ਼ੂਰ ਨੇ ਜ਼ਖ਼ਮ ਤੇ ਬੰਨ੍ਹਣ ਵਾਸਤੇ ਲੀਰ ਮੰਗੀ। ਦ੍ਰੋਪਤੀ ਨੇ ਓਸੇ ਵੇਲੇ ਸਾੜ੍ਹੀ ਪਾੜ ਕੇ ਲੀਰ ਹਾਜ਼ਰ ਕਰ ਦਿੱਤੀ ਜਿਸ ਨਾਲ ਪੱਟੀ ਬੱਧੀ ਗਈ। ਇਸ ਬਾਰਤਾ ਨੂੰ ਇਕ ਕਵਿਤਾ ਰਾਹੀਂ ਪ੍ਰਗਟ ਕੀਤਾ ਗਿਆ ਹੈ:-

-"ਫਲ ਤਾਈਂ ਚੀਰਦੇ ਸੀ, ਉਂਗਲੀ ਨੂੰ ਚੀਰ ਆਇਆ,
ਸਿੰਮਿਆਂ ਸੀ ਲਹੂ ਦੇਖੋ ਖੇਲ ਇਹ ਮੁਕੰਦ ਦਾ।
ਦਿਓ ਸਾਨੂੰ ਲੀਰ ਅਸਾਂ ਉਂਗਲੀ ਤੇ ਬੰਨਣੀਂ ਹੈ,
ਸੁਣ ਕੇ ਬਚਨ ਮੁਖੋਂ ਚੌਧਵੀਂ ਦੇ ਚੰਦ ਦਾ।
ਦ੍ਰੋਪਤੀ ਨੇ ਸਾੜ੍ਹੀ ਪਾੜ ਲੀਰ ਬੱਧੀ ਉਂਗਲੀ ਤੇ,

ਹੋ ਗਿਆ ਬਚਨ ਅੱਗੋਂ ਨੰਦ ਜੀ ਦੇ ਨੰਦ ਦਾ।
ਦ੍ਰੋਪਤੀ ਮੈਂ ਅੱਜ ਤੋਂ ਹਾਂ ਹੋਇਆ ਕਰਜ਼ਾਈ ਤੇਰਾ,
ਦਿਆਂਗਾ ਹਿਸਾਬ ਤੈਨੂੰ ਇੱਕ ਇੱਕ ਤੰਦ ਦਾ।

(ਆਲਿਮ)

ਸ੍ਰੀ ਮਾਨ ਭਾਈ ਗੁਰਦਾਸ ਜੀ ਨੇ ਇਸ ਵਿਸ਼ਯ ਵਿਚ ਇਉਂ ਵਰਨਨ ਕੀਤਾ ਹੈ। ਸ੍ਰੀ ਦੁਰਬਾਸ਼ਾ ਜੀ ਨਦੀ ਪੁਰ ਇਸ਼ਨਾਨ ਕਰ ਰਹੇ ਸਨ। ਜਲ ਦੇ ਤੀਬਰ ਰੋੜ੍ਹ ਵਿਚ ਆਪ ਦਾ ਕੁਪੀਨ (ਲੰਗੋਟ) ਰੁੜ੍ਹ ਗਿਆ। ਕਿਨਾਰੇ ਤੇ ਖੜੀ ਦ੍ਰੋਪਤੀ ਕੋਲੋਂ ਪਰਦਾ ਮੰਗਿਆ ਤਾਂ ਉਸਨੇ ਸਾੜ੍ਹੀ ਪਾੜ ਕੇ ਸੁਟ ਦਿਤੀ। ਜਿਸ ਨਾਲ ਪਰਦਾ ਕਰਕੇ ਸੰਤ ਬਾਹਰ ਨਿਕਲੇ। ਆਪ ਨੇ ਵਰ ਦਿੰਦਿਆਂ ਕਿਹਾ-ਦ੍ਰੋਪਤੀ ਤੂੰ ਮੈਨੂੰ ਨਗਨ ਹੋਣ ਤੋਂ ਬਚਾਇਆ ਹੈ, ਭਗਵਾਨ ਤੇਰਾ ਪਰਦਾ ਰੱਖਣਗੇ:-

"ਦ੍ਰੋਪਤੀ ਕੁਪੀਨ ਮਾਤ੍ਰ ਦਈ ਜੁ ਮੁਨੀਸਰਹਿ,
ਤਾਤੇ ਸਭਾ ਮਧਿ ਬਹਿਓ ਬਸਨ ਪ੍ਰਵਾਹ ਜੂ।
ਤਨਕ ਤੰਦੁਲ ਜਗਦੀਸਹਿ ਦਏ ਸੁਦਾਮਾ,
ਤਾਂਤੇ ਪਾਏ ਚਤਰ ਪਦਾਰਥ ਅਥਾਹ ਜੀ।
ਦੁਖਤ ਗਜਿੰਦਰ ਅਰਬਿੰਦ ਗਹਿ ਭੇਟ ਰਾਖੈ,
ਤਾਕੈ ਕਾਜੈ ਚਕ੍ਰਪਾਨਿ ਆਨ ਗ੍ਰਸੇ ਗ੍ਰਾਹ ਜੀ।
ਕਹਾਂ ਕੋਊ ਕਰੈ ਕਛੁ ਹੋਤ ਨ ਕਾਹੂ ਕੇ ਕੀਏ,
ਜਾਕੀ ਪ੍ਰਭ ਮਾਨਿ ਲੇਹਿ ਸਬੈ ਸੁਖ ਤਹਿ ਜੀ।

## ਅਦਾਇਗੀ

**ਭਗਵਾਨ ਜਗਨ ਨਾਥ ਵਿਚ ਰੁਕਮਣੀ ਜੀ ਨਾਲ ਪਾਸਾ ਖੇਲਦੇ ਹੋਏ**

ਬੋਲ ਉਠਦੇ ਹਨ:-

ਜੇ ਅਜ ਨਗਨ ਦ੍ਰੋਪਤੀ ਹੋ ਗਈ ਉਸਦਾ ਪਿਆਰ ਨਹੀਂ ਰਹਿਣਾ।

(ਟੇਕ)

ਜੇ ਅੱਜ ਕਰਜ਼ਾ ਅਦਾ ਨਾ ਕੀਤਾ ਮਿਰਾ ਇਤਬਾਰ ਨਹੀਂ ਰਹਿਣਾ। ਵਾਹ ਜੀ ਵਾਹ ! ਅਸਾਮੀ ਵੀ ਹੋਵੇ ਤਾਂ ਸ਼ਾਮ ਸੁੰਦਰ ਜੈਸੀ ਜੋ ਸਮੇਂ ਸਿਰ ਅਦਾਇਗੀ ਕਰੇ। ਬੋਲ ਸ਼ਾਮ ਸੁੰਦਰ ਕੀ ਜੈ। ਅਜੇ ਦ੍ਰੋਪਤੀ ਦੇ ਨੇਤ੍ਰ ਮੁੰਦੇ ਹੋਏ ਹਨ। ਫੁਰਨਾ ਹੋਇਆਂ ਕਿੰਨੀ ਦੇਰ ਹੋਈ ਹੈ ਅਜੇ ਤਕ ਨਹੀਂ ਬਹੁੜੇ। ਅੱਗੋਂ ਅਵਾਜ਼ ਆਈ-ਦ੍ਰੋਪਤੀ ਅਜੇ ਤਕ ਤੂੰ ਅਪਬਲ ਨਹੀਂ ਤਿਆਗਿਆ। ਤੂੰ ਆਪਣੀ ਧੋਤੀ ਦੀਆਂ ਕੰਨੀਆਂ ਘੁੱਟ ਕੇ ਫੜੀਆਂ ਹੋਈਆਂ ਹਨ। ਤੇਰਾ ਖਿਆਲ ਹੈ ਕਿ ਕੰਨੀਆਂ ਦੀ ਪਕੜ ਤੈਨੂੰ ਨਗਨ ਹੋਣ ਤੋਂ ਬਚਾ ਸਕੇਗੀ। ਦ੍ਰੋਪਤੀ ਨੇ ਹੱਥ ਵਿਚੋਂ ਕੰਨੀਆਂ ਛਡਦਿਆਂ ਕਿਹਾ:- ਆਹ ਲੋ ਨਾਥ !

ਨਾਥ ਮੇਰਾ ਕਿਆ ਬਿਗੜੇ ਲਾਜ ਨ ਰਹਿਸੀ ਤੇਰੀ।
ਜਗਤ ਕਰੇਗਾ ਹਾਸੀ ਨਾਥਾ ਪਤ ਮੇਰੀ ਨਹੀਂ ਤੇਰੀ।

## ਹੋਇਆ ਕੀ ?

"ਹੋ ਗਇਆ ਦਿਲ ਪਰ ਅਸਰ ਉਸ ਵਕਤ ਅਬਲਾ ਨਾਰ ਕਾ।
ਰੁਕਮਨੀ ਕੇ ਸਾਥ ਪਾਸਾ ਖੇਲਤੇ ਥੇ ਸਾਰ ਕਾ।
ਹਾਥ ਸੇ ਪਾਸੇ ਗਿਰੇ ਮੂੰਹ ਸੇ ਕੀਆ ਇਰਸ਼ਾਦ ਕੋ।
ਦੇ ਦੀਏ ਅਰਬੋ ਖ਼ਰਬ ਕਿਆ ਜ਼ਿਕਰ ਲਾਗ ਹਜ਼ਾਰ ਕਾ।"

(ਪ੍ਰਾਪਤ)

ਅਸਾਂ ਇਸ ਸਾਰੀ ਕਥਾ ਨੂੰ ਛੇਆਂ ਪੰਗਤੀਆਂ ਵਿਚ ਇਉਂ ਬਿਅਨਿਆ ਹੈ:-

Namdhari Elibrary NamdhariElibrary@gmail.com

ਕੂਕੀ ਦ੍ਰੋਪਤੀ ਨਗਨ ਜਾਂ ਹੋਣ ਲੱਗੀ,
ਕੂਕ ਸ਼ਾਮ ਦੇ ਪਾਸ ਪੁਕਾਰ ਕੀਤੀ।
ਛੇਤੀ ਆ ਸ਼ਾਮਾਂ ਫੇਰਾ ਪਾ ਸ਼ਾਮਾਂ,
ਮੁਖ ਦਿਖਲਾ ਸ਼ਾਮਾਂ ਮੈਂ ਲਾਚਾਰ ਕੀਤੀ।
ਕੂਕ ਹਿਰਦਿਓਂ ਉੱਠੀ ਤੇ ਤੋੜ ਪਹੁੰਚੀ,
ਬਿਰਤੀ ਸ਼ਾਮ ਦੀ ਜਾ ਅਵਾਜ਼ਾਰ ਕੀਤੀ।
ਸ਼ਾਮ ਕੂਕਿਆ ਅਰਬ ਤੇ ਖ਼ਰਬ ਕਹਿ ਕੇ,
ਸਾੜ੍ਹੀ ਇਕ ਥੀਂ ਲੱਖ ਹਜ਼ਾਰ ਕੀਤੀ।
"ਆਲਿਮ" ਸ਼ਾਮ ਜੀ ਆਣ ਪ੍ਰਤੱਖ ਹੋਏ,
ਜਿਥੇ ਦ੍ਰੋਪਤੀ ਆਪ ਦੀ ਕੂਕ ਰਹੀ ਸੀ।
ਕੂਕ ਕੂਕ ਕੇ ਹੂਕ ਕੇ ਨਾਮ ਉਸਦਾ,
ਜ਼ਾਲਿਮ ਪਾਪੀਆਂ ਦੇ ਪਾਕ ਫੂਕ ਰਹੀ ਸੀ।

## ਸਭਾ ਵਿਚ

ਦੁਰਯੋਧਨ ਦੀ ਆਗਿਆ ਅਨੁਸਾਰ ਉਸ ਦੇ ਕਾਇਰ ਦੂਤ ਦ੍ਰੋਪਤੀ ਦੀ ਸਾੜ੍ਹੀ ਖਿੱਚ ਕੇ ਉਸ ਨੂੰ ਨਗਨ ਕਰਨ ਲਈ ਤਾਣ ਲਾ ਰਹੇ ਸਨ। ਭਗਵਾਨ ਨੇ ਦ੍ਰੋਪਤੀ ਦੇ ਦੁਆਲੇ ਸਾੜ੍ਹੀਆਂ ਦਾ ਇਕ ਕੋਟ ਭਾਵ ਕਿਲਾ ਉਸਾਰ ਦਿੱਤਾ। ਰੰਗ ਬਰੰਗੀਆਂ ਤੇ ਵੰਨ ਸੁਵੰਨੀਆਂ ਸਾੜ੍ਹੀਆਂ ਦੇ ਰੂਪ ਵਿਚ ਦ੍ਰੋਪਤੀ ਨੂੰ ਸ਼ਾਮ-ਸੁੰਦਰ ਦਾ ਜਲਵਾ ਨਜ਼ਰ ਆਇਆ। ਗੈਬੀ ਮੰਡਲਾਂ ਚੋਂ ਅਵਾਜ਼ ਆਈ-"ਬੋਲ ਸਤੀ ਦ੍ਰੋਪਤੀ ਕੈ ਜੈ।" ਮਹਾਰਾਜ ਧ੍ਰਿਤਰਾਸ਼ਟਰ ਜੋ ਦੁਰਯੋਧਨ ਦੇ ਨਾਲ ਸਿੰਘਾਸਨ ਤੇ ਬੈਠੇ ਸਨ ਪੁਛਦੇ ਹਨ-ਬੇਟਾ ਏਹ ਜੈਕਾਰ ਕੈਸੀ ? ਮੰਤ੍ਰੀਆਂ ਵਲੋਂ ਉੱਤਰ ਮਿਲਿਆ, ਮਹਾਰਾਜ ! ਕ੍ਰਿਸ਼ਨ ਮਹਾਰਾਜ ਦੀ ਕਿਰਪਾ

ਨਾਲ ਦ੍ਰੋਪਤੀ ਨਗਨ ਹੋਣ ਤੋਂ ਬਚ ਗਈ ਹੈ।

ਭਾਈ ਗੁਰਦਾਸ ਜੀ ਨੇ ਅਪਣੀ ਰਚਨਾ "ਵਾਰਾਂ" ਦੀ ਦਸਵੀਂ ਵਾਰ ਵਿਚ ਇਸ ਕਥਾ ਨੂੰ ਸੰਖੇਪ ਕਰਕੇ ਇਉਂ ਦਰਜ ਕੀਤਾ ਹੈ:-

"ਅੰਦਰ ਸਭਾ ਦੁਸਾਸਨੈ ਮਥੈਵਾਲ ਦ੍ਰੋਪਤੀ ਆਂਦੀ।
ਦੂਤਾਂ ਨੂੰ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ।
ਪੰਜੇ ਪਾਂਡੋ ਵੇਖਦੇ ਅਉਘਟ ਰੁਧੀ ਨਾਰਿ ਜਿਨਾਂ ਦੀ।
ਅਖੀਂ ਮੀਟ ਧਿਆਨ ਧਰ ਹਾਹਾ ਕ੍ਰਿਸਨ ਕਰੇ ਵਿਲਲਾਂਦੀ।
ਕਪੜ ਕੋਟ ਉਸਾਰਿਓਨ ਥਕੇ ਦੂਤ ਨ ਪਾਰ ਵਸਾਂਦੀ।
ਹਥ ਮਰੋੜਨ ਸਿਰ ਧੁਣਨਿ ਪਛੋਤਾਨ ਕਰਨ ਜਾਹ ਜਾਂਦੀ।
ਘਰ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸਰਮਾਂਦੀ।
ਨਾਥ ਅਨਾਥਾਂ ਬਾਣ ਧੁਰਾਂਦੀ।"

Namdhari Elibrary NamdhariElibrary@gmail.com

(੫)

# ਭਾਈ ਮਹਾਂ ਸਿੰਘ ਜੀ

ਭਾਈ ਮਹਾਂ ਸਿੰਘ ਜੀ ਉਨ੍ਹਾਂ ਸਿੱਖਾਂ ਵਿੱਚੋਂ ਸਨ, ਜੋ ਜੰਗਾਂ ਦੇ ਭਿਆਨਕ ਹਾਲਾਤ ਤੋਂ ਘਬਰਾ ਕੇ ਅਨੰਦਪੁਰ ਸਾਹਿਬ ਵਿਚੋਂ ਸ੍ਰੀ ਕਲਗੀਧਰ ਜੀ ਨੂੰ ਲਿਖ ਕੇ ਦੇ ਗਏ ਸਨ ਕਿ "ਅਸੀਂ ਤੇਰੇ ਸਿੱਖ ਨਹੀਂ ਤੇ ਤੂੰ ਸਾਡਾ ਗੁਰੂ ਨਹੀਂ।" ਸਿੱਖ ਇਤਿਹਾਸ ਵਿੱਚ ਏਸ ਕਾਗਜ਼ ਦਾ ਨਾਉਂ "ਬੇਦਾਵਾ" ਪ੍ਰਸਿੱਧ ਹੈ। ਪ੍ਰਵਾਰਾਂ, ਸੰਬੰਧੀਆਂ ਅਤੇ ਸੂਝਵਾਨਾਂ ਦੀ ਪ੍ਰੇਰਣਾਂ ਨਾਲ ਇਹਨਾਂ ਨੇ ਆਪਣੀ ਬੇਮੁਖਤਾ ਨੂੰ ਬੁਰੀ ਤਰ੍ਹਾਂ ਮਸੂਸ ਕੀਤਾ। ਪ੍ਰਾਸਚਿਤ ਕਰਨ ਦੇ ਮੰਤਵ ਨਾਲ ਉਸ ਮੈਦਾਨ ਵਿਚ ਪੁੱਜੇ ਜਿਥੇ ਸ੍ਰੀ ਕਲਗੀਧਰ ਸ਼ਾਹੀ ਸੈਨਾਂ ਨਾਲ ਲੜ ਰਹੇ ਸਨ। ਇਹ ਓਹੀ ਇਲਾਕਾ ਹੈ ਜਿੱਥੇ ਉਸ ਸਮੇਂ ਖਿਦਰਾਣੇ ਦੀ ਕੱਚੀ ਢਾਬ ਅਤੇ ਅੱਜ ਕਲ ਉਸ ਥਾਉਂ ਮੁਕਤਸਰ ਨਾਮ ਦਾ ਪਾਵਨ ਸਰੋਵਰ ਹੈ। ਬੇਦਾਵੀਏ ਸਿੱਖ ਗੁਰੂ ਜੀ ਅਤੇ ਸ਼ਾਹੀ ਸੈਨਾਂ ਦੇ ਵਿਚਕਾਰੇ ਮੋਰਚੇ ਬੀੜ ਕੇ ਸ਼ਾਹੀ ਸੈਨਾਂ ਨਾਲ ਰਣ ਮੰਡ ਰਹੇ ਹਨ। ਸ੍ਰੀ ਕਲਗੀਧਰ ਜੀ ਇੱਕ ਉੱਚੇ ਟਿੱਬੇ ਤੇ ਆਪਣੇ ਕੈਂਪ ਵਿਚੋਂ ਦੂਰਬੀਨ ਨਾਲ ਆਪਣੇ ਸਿੱਖਾਂ ਦੀ ਇਸ ਬਹਾਦਰੀ ਨੂੰ ਤੱਕ ਤੱਕ ਪ੍ਰਸੰਨ ਹੋ ਰਹੇ ਹਨ। ਕਈ ਸਿੱਖ ਸ਼ਹੀਦ ਹੋ ਚੁੱਕੇ ਹਨ। ਸ਼ਾਹੀ ਸੈਨਾਂ ਫ਼ਰਾਰ ਹੋ ਚੁੱਕੀ ਹੈ। ਫੱਟੜ ਸਿੱਖਾਂ ਅਤੇ ਸ਼ਹੀਦ ਸਿੰਘਾਂ ਦੇ ਨਾਲ ਇੱਕ ਥਾਂ ਭਾਈ ਮਹਾਂ ਸਿੰਘ ਜੀ ਬਿਰਾਜਮਾਨ ਹਨ ਆਪ ਦਾ ਸਰੀਰ ਭੀਸ਼ਮ ਪਿਤਾਮਾ ਵਾਂਗ ਤੀਰਾਂ ਦੀਆਂ ਚੋਭਾਂ ਨਾਲ ਵਿੱਝਾ ਪਿਆ ਹੈ। ਲਹੂ ਵਗਣ ਦੇ ਕਾਰਨ ਬਹੁਤ ਨਿਰਬਲ ਹੋਏ ਹੋਏ ਨਿਢਾਲ ਪਏ ਹਨ। ਮਨ ਵਿਚ ਕੇਵਲ ਇੱਕ ਵਾਸ਼ਨਾ ਹੈ ਕਿ ਜੇ ਪ੍ਰਾਣ ਤਿਆਗਣ ਤੋਂ ਪਹਿਲਾਂ ਪਹਿਲਾਂ ਬਾਜਾਂ ਵਾਲੇ ਪ੍ਰੀਤਮ ਦਾ ਦੀਦਾਰ ਹੋ ਜਾਵੇ ਤਾਂ "ਬੇਦਾਵੇ" ਦਾ ਮਨਹੂਸ ਕਾਗਤ ਆਪਣੇ ਸਾਹਮਣੇ ਪੜਵਾ ਕੇ ਆਪਣੇ ਸਮੇਤ ਆਪਣੇ ਸਾਥੀਆਂ ਨੂੰ ਬਖਸ਼ਾ ਲਵਾਂ। ਅੱਖਾਂ ਨੂਟ ਕੇ ਚਰਨ ਕਮਲਾਂ ਦਾ ਧਿਆਨ ਧਰਦਾ ਹੈ। ਓਧਰ ਮੌਤ

Namdhari Elibrary NamdhariElibrary@gmail.com

ਭਾਈ ਸਾਹਿਬ ਦਾ ਦਰਸ਼ਨ ਕਰਦੀ ਹੋਈ ਇਉਂ ਬੇਨਤੀ ਕਰਦੀ ਹੈ:-

"ਚੱਲ ਮੌਤ ਨੇ ਆਖਿਆ ਮਹਾਂ ਸਿੰਘਾਂ,
ਤੇਰੇ ਵਾਸਤੇ ਘੋੜੀ ਤਿਆਰ ਹੈ ਵੇ।
ਰੱਤ ਤੇਰੇ ਸਰੀਰ ਦੀ ਗਈ ਨੁੱਚੜ,
ਚੇਹਰੇ ਉੱਤੇ ਨ ਰਹੀ ਬਹਾਰ ਹੈ ਵੇ।
ਨਾ ਤੂੰ ਹਿੱਲ ਸਕੇਂ ਨਾ ਤੂੰ ਚੱਲ ਸਕੇਂ,
ਬੇੜੀ ਉਮਰ ਦੀ ਹੋ ਗਈ ਪਾਰ ਹੈ ਵੇ।
ਕੇਹੜੇ ਖ਼ਿਆਲ ਦੇ ਵਿੱਚ ਹੈਂ ਲੀਨ ਹੋਇਆ,
ਮੈਨੂੰ ਦੱਸ ਕਿਸਦਾ ਇੰਤਜ਼ਾਰ ਹੈ ਵੇ।
ਮਹਾਂ ਸਿੰਘ ਨੇ ਅੱਗੋਂ ਜਵਾਬ ਦਿੱਤਾ,
"ਆਲਿਮ" ਗਲ ਦੱਸਾਂ ਠੀਕ ਠੀਕ ਤੈਨੂੰ।
ਕਲਗੀ ਵਾਲੇ ਦੇ ਚਰਨਾਂ ਦਾ ਭੌਰ ਹਾਂ ਮੈਂ,
ਉਸ ਦੇ ਦਰਸ਼ਨ ਦੀ ਲਗੀ ਉਡੀਕ ਮੈਨੂੰ।

(ਆਲਿਮ)

ਕਲਗੀ ਵਾਲੇ ਪਾਤਸ਼ਾਹ ਕੁਛ ਸਿੰਘਾਂ ਸਮੇਤ ਸਰਪੱਟ ਘੋੜੇ ਦੌੜਾਂਦੇ ਰਣ ਭੂਮੀ ਅੰਦਰ ਪੁਜਦੇ ਹਨ। ਘੋੜਿਆਂ ਤੋਂ ਉੱਤਰ ਸ਼ਹੀਦ ਸਿੰਘਾਂ ਦੇ ਜ਼ਖਮਾਂ ਨੂੰ ਆਪਣੇ ਰੁਮਾਲੇ ਅਤੇ ਦਸਤਾਰ ਦੇ ਪੇਚਾਂ ਨਾਲ ਸਾਫ ਕਰ ਰਹੇ ਹਨ। ਹਜ਼ੂਰ ਦੇ ਨੇਤ੍ਰ ਸਜਲ ਹਨ। ਜਿੰਨੇ ਕਦਮ ਕੋਈ ਅੱਗੇ ਹੋ ਕੇ ਡਿੱਗਾ ਹੈ ਓਨੇ ਹਜ਼ਾਰੀ ਦਾ ਪਦ ਪ੍ਰਦਾਨ ਕਰ ਰਹੇ ਹਨ। ਇਹ ਮੇਰਾ ਪੰਜ ਹਜ਼ਾਰੀ, ਇਹ ਦਸ ਹਜ਼ਾਰੀ ਇਹ ਪੱਚੀ ਹਜ਼ਾਰੀ ਕਹਿ ਕਹਿ ਅੱਗੇ ਵਧ ਰਹੇ ਹਨ। ਛੇਕੜ ਮਹਾਂ ਸਿੰਘ ਜੀ ਪਾਸ ਪੁੱਜ ਕੇ ਰੁਕ ਜਾਂਦੇ ਹਨ। ਪਰਮ ਪਾਵਨ ਹਸਤ ਕਮਲ ਦੀਆਂ ਪਵਿਤ੍ਰ ਉਂਗਲਾਂ ਮਹਾਂ ਸਿੰਘ ਦੀ ਨਬਜ਼ ਉੱਤੇ ਹਨ। ਨਬਜ਼ ਬੜੀ ਧੀਮੀ ਚਲਦੀ ਹੈ। ਨਿਰਬਲਤਾ ਦਾ ਕੋਈ ਅੰਤ ਨਹੀਂ। ਸਰ੍ਹਾਣੇ ਵਲ ਬੈਠ ਸਿੰਘ ਦਾ ਸੀਸ ਆਪਣੀ ਗੋਦੀ ਵਿੱਚ ਲੈ ਕੇ ਵਾਤਸੱਲ ਖਿੱਚ ਨਾਲ ਮਹਾਂ

Namdhari Elibrary NamdhariElibrary@gmail.com

ਸਿੰਘ ਜੀ ਨੂੰ ਇਉਂ ਸੰਬੋਧਨ ਕਰਦੇ ਹਨ:-

## ਨਜ਼ਮ

"ਮਹਾਂ ਸਿੰਘ ਖੋਲ ਆਂਖੇ ਦੇਖ, ਜ਼ਰਾ ਤੋਂ ਲਬ ਕੁਸ਼ਾਈ ਕਰ।
ਮੈਂ ਅਇਆ ਹੂੰ ਤਿਰੇ ਖ਼ਾਤਿਰ, ਮਿਰੇ ਬੇਟਾ ਰਸਾਈ ਕਰ।
ਤੂ ਹੈ ਲਖਤੇ ਜਿਗਰ ਮੇਰਾ, ਮੈਂ ਸੌ ਜਾਂ ਸੇ ਫ਼ਿਦਾ ਤੁਮ ਪਰ।
ਤਲਬ ਹੈ ਜੋ ਤਿਰੇ ਦਿਲ ਮੇਂ, ਤੂ ਕਹਿ ਕਰ ਆਸ਼ਨਾਈ ਕਰ।
ਖੁਲੀ ਆਂਖੇਂ ਇਸ਼ਾਰੇ ਸੇ, ਝੁਲਾ ਕਰ ਸੀਸ ਕੋ ਬੋਲਾ।
ਤਮੱਨਾ ਹੈ ਯਹੀ ਦਿਲ ਮੇਂ, ਬੇਦਾਵੇ ਕੀ ਸਫ਼ਾਈ ਕਰ।"

(ਆਲਿਮ)

ਪਾਤਸ਼ਾਹ ! ਆਪ "ਟੂਟੀ ਗਾਂਢਨ ਹਾਰ ਗੋਪਾਲ" ਹੋ। ਗੰਢ ਲੈ ਟੁੱਟੀ ਨੂੰ। ਅਸੀਂ ਤੋੜਨ ਹਾਰ, ਤੇ ਆਪ ਗੰਢਨ ਹਾਰ ਦਿਆਲੂ ਪ੍ਰੀਤਮ !

"ਤੇਰੀ ਰਹਿਮਤੋਂ ਕੀ ਨਹੀਂ ਹੈ ਹੱਦ, ਜੋ ਤੂ ਹੈ ਸੋ ਹੈ ਜੋ ਮੈਂ ਹੂੰ ਸੋ ਹੂੰ।
ਮੁਝੇ ਅਪਨੇ ਦਰ ਸੇ ਤੂ ਕਰ ਨ ਰੱਦ, ਜੋ ਤੂ ਹੈ ਸੋ ਹੈ ਜੋ ਮੈਂ ਹੂੰ ਸੋ ਹੂੰ।
ਜੋ ਸਰਾਪਾ ਜੁਰਮੋ ਸਿਤਮ[1] ਹੂੰ ਮੈਂ, ਤੋ ਸਰਾਪਾ ਲੁਤਫ਼ੋ ਕਰਮ[2] ਹੈ ਤੂ।
ਯਹ ਹੈ ਤੇਰੀ ਹਦ ਯੇ ਹੈ ਮੇਰੀ ਹਦ, ਜੋ ਤੂ ਹੈ... ... ... ... ...।
ਜੋ ਸਦੱਫ਼[3] ਹੈ ਤੂ ਤੋ ਗੌਹਰ[4] ਹੂੰ ਮੈਂ, ਜੋ ਤੂ ਸ਼ਾਖ਼ ਹੈ ਤੋ ਸਮਰ[5] ਹੂੰ ਮੈਂ।
ਤੇਰੀ ਮਦ ਸੇ ਨਿਕਲੀ ਮੇਰੀ ਮਦ, ਜੋ ਤੂ ਹੈ ਸੋ ਹੈ ਜੋ ਮੈਂ ਹੂੰ ਸੋ ਹੂੰ।

(ਪ੍ਰਾਪਤ)

੧-ਜ਼ੁਲਮ, ੨-ਬਖਸ਼ਸ਼, ੩-ਸਿੱਪ, ੪-ਮੋਤੀ, ੫-ਫਲ

ਰੁਕੇ ਹੋਏ ਕੰਠ ਦੁਆਰਾ ਗਦ ਗਦ ਬਾਣੀ ਦੇ ਅਸਰ ਹੇਠ ਆਏ ਹੋਏ ਪ੍ਰੀਤਮ ਨੇ ਚੋਲੇ ਵਿਚੋਂ ਕਾਗਤ ਕੱਢਕੇ ਸਿੱਖ ਸਾਹਮਣੇ ਕੀਤਾ। ਕੀ ਕਹਿ ਰਹੇ ਹਨ ? ਹੇਠਲੇ ਅੱਖਰਾਂ ਵਿੱਚ ਵਾਚਣ ਦੀ ਖੇਚਲ ਕਰੋ:-

Namdhari Elibrary NamdhariElibrary@gmail.com

# ਨਜ਼ਮ

ਜੇਬ ਸੇ ਕਾਗ਼ਜ਼ ਨਿਕਾਲਾ, ਕਰਕੇ ਉਸਕੇ ਸਾਮਨੇ,
ਯੂੰ ਕਹਾ ਬੇਟਾ ਸ਼ਿਨਾਖ਼ਤ ਅਪਨੀ ਤੂ ਤਹਿਰੀਰ ਕਰ।
ਸਰ ਝੁਕਾਇਆ ਤਬ, ਇਸ਼ਾਰੇ ਸੇ ਕਹਾ ਉਸ ਬੀਰ ਨੇ,
ਹਾਂ ਮਿਰੇ ਮਾਲਕ ਯਹੀ ਹੈ, ਮਾਫ਼ ਅਬ ਤਕਸੀਰ ਕਰ।
ਤਬ ਵੁਹ ਕਾਗ਼ਜ਼ ਟੁਕੜੇ ਟੁਕੜੇ, ਕਰ ਦੀਆ ਸਰਕਾਰ ਨੇ,
ਫੈਂਕ ਕਰ ਬੋਲੇ ਮਹਾਂ ਸਿੰਘ, ਦਿਲ ਕੋ ਮਤ ਦਿਲਗੀਰ ਕਰ।
ਅਰਜ਼ ਕੀ ਮਸ਼ਕੂਰ ਹੂੰ, ਮਮਨੂਨ ਹੂੰ, ਮਸਰੂਰ ਹੂੰ,
ਆਲਮ ਸੇ ਅਬ ਰੁਖਸਤ ਤੂ ਮੇਰੇ ਪੀਰ ਦਾਮਨਗੀਰ ਕਰ।

(ਆਲਿਮ)

ਬਾਜਾਂ ਵਾਲੇ ਪ੍ਰੀਤਮ ਨੇ ਕਿਹਾ-ਮਹਾਂ ਸਿੰਘ ! ਜੇ ਚਾਹੇਂ ਤਾਂ ਉਮਰ ਦੀ ਟੁੱਟੀ ਹੋਈ ਡੋਰ ਵੀ ਗੰਢ ਦਿਆਂ। ਜੋ ਚਾਹੇਂ ਮੰਗ ਸਕਦਾ ਹੈਂ। ਲੋਕ ਅਪ ਪ੍ਰਲੋਕ ਵਿਚ ਕੋਈ ਵੀ ਐਸਾ ਪਦਾਰਥ ਨਹੀਂ ਜੋ ਤੇਰੇ ਜੈਸੇ ਸਿਦਕੀ ਸਿੱਖਾਂ ਨੂੰ ਨਹੀਂ ਦਿੱਤਾ ਜਾ ਸਕਦਾ। ਸਿੱਖ ਇਸ ਤਰ੍ਹਾਂ ਦੇ ਭਾਵ ਪ੍ਰਗਟ ਕਰਦਾ ਹੈ. ਦੀਨ ਦਿਆਲ !

"ਹਫ਼ਤ ਕਿਸ਼ਵਰ ਕੀ ਹਕੂਮਤ ਉਸਕੋ ਆਗੇ ਹੇਚ ਹੈ।
ਜੋ ਹੈ ਤਾਲਿਬ ਐ ਸ਼ਹੇ ਖ਼ੂਬਾਂ ਤਿਰੇ ਦੀਦਾਰ ਕਾ।
ਗੁਲ ਕਹਾਂ ਗੁਲਸ਼ਨ ਕਹਾਂ, ਗੁਲਬਨ ਕਹਾਂ ਬੁਲਬੁਲ ਕਹਾਂ।
ਆਸ਼ਕੋਂ ਕੋ ਹੈ ਗ਼ਨੀਮਤ ਦੇਖਨਾਂ ਦਿਲਦਾਰ ਕਾ।"

(ਪ੍ਰਾਪਤ)

"ਗਦਾਏ ਕੂਏ ਤੁਰਾ ਮੈਲੇ ਬਾਦਸ਼ਾਹੀ ਨੇਸਤ।"

(ਦੀਵਾਨਿ ਗੋਇਆ)

ਅਰਥਾਤ-"ਤਾਜ ਤਖ਼ਤ ਦੀ ਲੋੜ ਨਹੀਂ,
ਤੇਰੇ ਕੂਚੇ ਦੇ ਭਿਖਯਾਰੀ ਨੂੰ।
ਰਾਜ ਸਾਜ ਵੱਲ ਮੂਲ ਨ ਤੱਕੇ,
ਕੀ ਕਰਸੀ ਦੁਨਆ ਸਾਰੀ ਨੂੰ।

(ਪ੍ਰੇਮ ਫੁਲਵਾੜੀ)

ਸੱਚੇ ਪਾਤਸ਼ਾਹ ! ਮੇਰੇ ਨਾਲ ਦੇ ਸ਼ਹੀਦ ਸਿੱਖਾਂ ਦੀਆਂ ਰੂਹਾਂ ਦਰਗਾਹ ਵਿਚ ਸ੍ਰੀ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦੁਰ ਦੇ ਸ਼ਹੀਦੀ ਭਵਨ ਦੇ ਬਾਰ ਮੂਹਰੇ ਅਜੇ ਤਕ ਭਟਕਦੀਆਂ ਨਜ਼ਰ ਆ ਰਹੀਆਂ ਹਨ। ਭਾਵੇਂ ਆਪ ਨੇ ਮਨਹੂਸ ਬੇਦਾਵਾ ਪੁਰਜਾ ਪੁਰਜਾ ਕਰ ਕੇ ਸੁੱਟ ਦਿੱਤਾ ਹੈ ਪਰ ਜਦ ਤਕ ਪਵਿਤ੍ਰ ਰਸਨਾਂ ਨਾਲ ਤਸਦੀਕ ਦੀ ਆਗਜਾ ਨਹੀਂ ਕਰਦੇ ਤਦ ਤਕ ਉਨ੍ਹਾਂ ਨੂੰ ਅੰਦਰ ਪ੍ਰਵੇਸ਼ ਕਰਨ ਦੀ ਆਗਜਾ ਨਹੀਂ ਮਿਲ ਸਕਦੀ। ਹੁਕਮ ਹੋਇਆ-ਮਹਾਂ ਸਿੰਘ ! ਮੈਂ ਤੁਸਾਂ ਸਾਰਿਆਂ ਤੋਂ ਵਾਰਨੇ ਜਾਂ ਦਾ ਹਾਂ। ਜਾਓ ਟੁੱਟੀ ਗੰਢੀ ਗਈ ਤੇ ਬਖਸ਼ਿਆ ਸਾਰਿਆਂ ਨੂੰ। ਮਹਾਂ ਸਿੰਘ ਜੀ ਸਤਕਾਰ ਸਹਿਤ ਸੀਸ ਝੁਕਾ ਕੇ ਸਦਾ ਦੀ ਨੀਂਦੇ ਸੌਂ ਜਾਂਦੇ ਹਨ।

## ਸਾਥੀਆਂ ਨਾਲ ਪ੍ਰਸ਼ਨ ਉਤ੍ਰ

ਪੁੱਛਿਆ ਸਾਥੀਆਂ ਨੇ ਪ੍ਰੀਤਮ ਦੱਸ ਤਾਂ ਸਹੀ,
ਜਦੋਂ ਕਿਲਾ ਅਨੰਦਪੁਰ ਛੋੜਿਆ ਸੀ।
ਸਰਸਾ ਨਦੀ ਦੇ ਕੰਢੇ ਘਮਸਾਨ ਹੋਇਆ,
ਮਾਲ ਲੱਖਾਂ ਦਾ ਨਦੀ ਵਿਚ ਰੋੜ੍ਹਿਆ ਸੀ।
ਮਣਾਂ ਮੂਹੀਂ ਕਾਗਤ ਤੇ ਸਾਮਾਨ ਸਾਰਾ,
ਤੁਸਾਂ ਵਿੱਚ ਦਰਜਾ ਦੇ ਬੋੜਿਆ ਸੀ।
ਮਾਈਆਂ ਰਹੀਆਂ ਪਿੱਛੇ ਨ ਪ੍ਰਵਾਹ ਕੀਤੀ,

ਮਾਨੋ ਪ੍ਰੇਮ ਸੰਦਾ ਰਿਸ਼ਤਾ ਤੋੜਿਆ ਸੀ।
ਮਾਤਾ ਗੁਜਰੀ ਤੇ ਦੋਵੇਂ ਲਾਲ ਛੋਟੇ,
ਵਿਛੜ ਗਏ ਨਾ ਤੁਸਾਂ ਸੰਭਾਲ ਕੀਤੀ।
ਐਪਰ ਕਾਗਤ ਬੇਦਾਵੇ ਦਾ ਸਾਂਭ ਕੇ ਤੇ,
"ਆਲਿਮ" ਗੱਲ ਤੁਸਾਂ ਬੇ ਮਿਸਾਲ ਕੀਤੀ।
ਗੁਰਾਂ ਕਿਹਾ ਏਨ੍ਹਾਂ ਸਿੱਖਾਂ ਸਾਰਿਆਂ ਨੂੰ,
ਅੰਮ੍ਰਿਤ ਆਪ ਸੀ ਹੱਥੀਂ ਛਕਾਇਆ ਹੋਇਆ।
ਜਦੋਂ ਕਾਗਤ ਬੇਦਾਵੇ ਦਾ ਲਿਖਣ ਲਗੇ,
ਦਿਲ ਏਨ੍ਹਾਂ ਦਾ ਸੀਗਾ ਘਬਰਾਇਆ ਹੋਇਆ।
ਆਪਣੀ ਚੋਣ ਉਤੇ ਹੈ ਸੀ ਮਾਨ ਮੈਨੂੰ,
ਭਾਵੇਂ ਸਮਾਂ ਅਜੀਬ ਸੀ ਆਇਆ ਹੋਇਆ।
ਮੈਨੂੰ ਨਿਸਚਾ ਸੀ ਮੁੜਨਗੇ ਪਿਛ੍ਹਾਂ ਝਬਦੇ,
ਤਾਹੀਓਂ ਕਾਗਤ ਸੀ ਜੇਬ ਵਿਚ ਪਾਇਆ ਹੋਇਆ।
ਜੇ ਮੈਂ ਸਾਂਭ ਕੇ ਨ ਰਖਦਾ ਏਸ ਤਾਈਂ,
"ਆਲਿਮ" ਗੱਲ ਅਜ ਅੱਲਵੱਲੀ ਹੁੰਦੀ।
ਕਾਗਤ ਸਹੁੰਏਂ ਵਖਾ ਨ ਪਾੜਦਾ ਜੇ,
ਮਹਾਂ ਸਿੰਘ ਦੀ ਕਿਵੇਂ ਤਸੱਲੀ ਹੁੰਦੀ ?

(ਆਲਿਮ)

(੬)

# ਬਿਦਰ ਪਤਨੀ ਦਾ ਚੱਰਿਤ੍ਰ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਾਨੜਾ ਰਾਗ ਵਿਚ ਕ੍ਰਿਸ਼ਨ ਮਹਾਰਾਜ ਜੀ ਦਾ ਬਿਦਰ ਜੀ ਦੇ ਘਰ ਜਾਣਾ ਤਸਦੀਕ ਕੀਤਾ ਹੈ:-"ਪੂਛਹੁ ਬਿਦੁਰ ਦਾਸੀ ਸੁਤੈ ਕ੍ਰਿਸ਼ਨ ਉਤਰਿਆ ਘਰ ਜਿਸ ਜਾਇ॥"

ਭਗਵਾਨ ਕ੍ਰਿਸ਼ਨ ਕੋਰਵਾਂ ਤੇ ਪਾਂਡਵਾਂ ਦੇ ਸਮਝੌਤੇ ਦਾ ਮੰਤਵ ਲੈ ਕੇ ਇਕ ਰਾਜਸੀ ਦੂਤ ਦੇ ਰੂਪ ਵਿਚ ਹਸਤਨਾਂ ਪੁਰ ਵਿਖੇ ਪਧਾਰੇ। ਸ੍ਰੀ ਬਿਦਰ ਜੀ ਗੰਗਾ ਨਦੀ ਦੇ ਦੂਜੇ ਕਿਨਾਰੇ ਤੇ ਨਿਵਾਸ ਰਖਦੇ ਸਨ। ਬਿਦਰ ਪਤਨੀ ਜੀ ਮਹਾਰਾਜ ਜੀ ਦੇ ਚਰਨਾਂ ਤੇ ਅਪਾਰ ਸ਼੍ਰਧਾ ਰਖਦੇ ਸਨ। ਬਿਦਰ ਜੀ ਦੀ ਸੇਵਾ ਵਿਚ ਆਪ ਨੇ ਇਉਂ ਪ੍ਰਾਰਥਨਾਂ ਕੀਤੀ:-

"ਓਧਰ ਬਿਦਰ ਪਤਨੀ ਜੀ ਨੇ ਆਖਿਆ ਇਹ,
ਮੈਂ ਸੁਣਿਆਂ ਭਗਵਾਨ ਨੇ ਆਏ ਹੋਏ।
ਉਨ੍ਹਾਂ ਹਸਤਨਾਂ ਪੁਰੀ ਵਿਚ ਚਰਨ ਪਾ ਕੇ,
ਰਾਜ ਭਵਨ ਨੂੰ ਭਾਗ ਨੇ ਲਾਏ ਹੋਏ।
ਮੇਰੇ ਨੈਣ ਪਏ ਲੋਚਦੇ ਦਰਸ਼ਨਾਂ ਨੂੰ,
ਦਰਸ਼ਨ ਮੁੱਦਤਾਂ ਹੋਈਆਂ ਨੇ ਪਾਏ ਹੋਏ।
ਕੀ ਅਸਾਂ ਨੂੰ ਵੀ ਦਰਸ਼ਨ ਦੇਣਗੇ ਆ,
ਬੈਠੇ ਝੁਗੀ ਦੇ ਵਿਚ ਸੁਹਾਏ ਹੋਏ?
ਕਿਹਾ ਬਿਦਰ ਨੇ ਗੱਲ ਹੈ ਬੜੀ ਮੁਸ਼ਕਲ,
ਫੁਰਸਤ ਸ਼ਾਮ ਨੂੰ ਨਾ ਏਥੇ ਆਣ ਖਾਤਿਰ।

Namdhari Elibrary NamdhariElibrary@gmail.com

ਕਿਉਂਕਿ ਆਏ ਨੇ ਸੁਲਹ ਕਰਾਣ ਖਾਤਿਰ,
ਭਾਈ ਭਾਈ ਨੂੰ ਗਲੇ ਲਗਾਣ ਖਾਤਿਰ।"
ਬਿਦਰ ਪਤਨੀ ਨੇ ਅੱਗੋਂ ਜਵਾਬ ਦਿੱਤਾ,
ਭਾਵੇਂ ਸ਼ਾਮ ਜੀ ਨੂੰ ਫੁਰਸਤ ਮੂਲ ਨਾਹੀਂ।
ਭਾਵੇਂ ਕੰਮ ਵੀ ਬੜਾ ਹੈ ਮਾਰਕੇ ਦਾ,
ਭਾਵੇਂ ਸਮਾਂ ਵੀ ਠੀਕ ਅਨੁਕੂਲ ਨਾਹੀਂ।
ਭਾਵੇਂ ਕੰਮ ਨੂੰ ਛੱਡ ਅਧਵਾਟੜੇ ਹੀ,
ਦੂਜੀ ਥਾਵੇਂ ਵੀ ਜਾਣਾ ਅਸੂਲ ਨਾਹੀਂ।
ਔਪਰ ਪ੍ਰੇਮੀਆਂ ਦੇ ਦਿਲ ਦੀ ਕੂਕ ਸੁਣ ਕੇ,
ਨਾ ਔਣ ਦਾ ਵੀ ਕੋਈ ਰੂਲ ਨਾਹੀਂ।
ਜੇ ਕਰ ਖਿੱਚ ਹੈ ਦਾਸੀ ਦੀ ਕੂਕ ਅੰਦਰ,
ਤੇ ਉਹ ਵੀ ਬੱਝਾ ਹੋਇਆ ਅਪਣੇ ਨੇਮ ਦਾ।
ਸਾਡੀ ਝੁੱਗੀ ਨੂੰ ਭਾਗ ਜ਼ਰੂਰ ਲਾਊ,
"ਆਲਿਮ" ਭੁੱਖਾ ਜੇ ਸਾਡੇ ਪ੍ਰੇਮ ਦਾ ਹੈ।

## ਵਾਰਤਾਲਾਪ

ਭਾਗਵਾਨ ਨੇ ਦੁਰਯੋਧਨ ਨੂੰ ਬੜੇ ਪ੍ਰੇਮ ਨਾਲ ਸਮਝਾਇਆ ਕਿ ਉਹ ਪਾਂਡਵਾਂ ਨੂੰ ਉਨ੍ਹਾਂ ਦਾ ਹੱਕ ਦੇ ਕੇ ਸਦਾ ਦੀ ਕੰਗ ਮੁਕਾ ਦੇਵੇ, ਪਰ ਦੁਰਯੋਧਨ ਕਿਸੇ ਤਰ੍ਹਾਂ ਵੀ ਨਾ ਮੰਨਿਆ। ਛੇਕੜ ਮਹਾਰਾਜ ਨੇ ਕਿਹਾ ਕਿ ਚੰਗਾ ਭਾਈ ਜੇ ਤੂੰ ਉਨ੍ਹਾਂ ਨੂੰ ਉਨ੍ਹਾਂ ਦਾ ਪੂਰਾ ਹਿੱਸਾ ਦੇ ਕੇ ਰਾਜੀ ਨਹੀਂ ਤਾਂ ਉਨ੍ਹਾਂ ਨੂੰ ਇਕ ਇਕ ਪਿੰਡ ਬੰਨ੍ਹ ਕੇ ਗੁਜਾਰਾ ਕਰਨ ਜੋਗੀ ਧਰਤੀ ਹੀ ਦੇ ਦੇਹ। ਉਹ ਏਨੇ ਨਾਲ ਹੀ ਆਪਣੇ ਜੀਵਨ ਦੇ ਦਿਨ ਵਿਤੀਤ ਕਰ ਲੈਣਗੇ। ਦੁਰਜੋਧਨ ਨੇ ਬੜੀ

ਹੈਂਕੜ ਵਚ ਆ ਕੇ ਜਿਹਾ ਕਿ-'ਮਹਾਰਾਜ ਤੁਹਾਡਾ ਬਚਨ ਤਾਂ ਠੀਕ ਹੈ, ਪਰ ਮੈਂ ਤਾਂ ਉਨ੍ਹਾਂ ਨੂੰ ਸੂਈ ਦੇ ਨੱਕੇ ਬ੍ਰਾਬਰ ਧਰਤੀ ਵੀ ਦੇਣ ਨੂੰ ਤਿਆਰ ਨਹੀਂ ਹਾਂ।'

ਭਗਵਾਨ ਨੇ ਕਿਹਾ ਚੰਗਾ ਦੁਰਜੋਧਨ ! ਮੰਨ ਲੈਂਦਾ ਤਾਂ ਚੰਗਾ ਸੀ, ਪਰ ਐਸਾ ਸਮਾਂ ਔਣ ਵਾਲਾ ਹੈ ਕਿ ਪੰਜਾਂ ਪਿੰਡਾਂ ਦੀ ਥਾਵੇਂ ਤੈਨੂੰ ਸਾਰਾ ਰਾਜ ਦੇਣਾ ਪਵੇਗਾ। ਇਸ ਦੇ ਨਾਲ ਹੀ ਜੋ ਜੰਤਾ ਦਾ ਅਨਿਸ਼ਟ ਹੋਵੇਗਾ ਉਸ ਦਾ ਪਾਪ ਵੀ ਤੈਨੂੰ ਲੱਗੇਗਾ।

ਓਧਰ ਬਿਦਰ ਜੀ ਤਾਂ ਸ਼ੋਚ ਦਿਸ਼ਾ ਚਲੇ ਗਏ ਪਰ ਬਿਦਰ ਪਤਨੀ ਜੀ ਦਰਸ਼ਨ ਦੀ ਲਗਨ ਵਿਚ ਮਗਨ ਭਗਵਾਨ ਦਾ ਰਾਹ ਤੱਕ ਰਹੇ ਹਨ। ਗੀਤ ਕੀ ਗਾ ਰਹੇ ਹਨ:-

"ਆਜਾ ਆਜਾ ਮੋਹਨ ਆਜਾ ਆਜਾ ਮੋਹਨ।
ਦਰਸ ਦਿਖਾ ਜਾ ਮੋਹਨ ਆਜਾ ਆਜਾ ਮੋਹਨ।
ਨੈਣ ਤਰਸ ਰਹੇ ਨੇ, ਹੰਝੂ ਆਜਾ ਬਰਸ ਰਹੇ ਨੇ।
ਧੀਰ ਬਨ੍ਹਾ ਜਾ ਮੋਹਨ, ਆਜਾ ਆਜਾ ਮੋਹਨ।
ਦਿਲ ਨੂੰ ਚੈਨ ਨ ਆਵੇ, ਖਾਨ ਪਾਨ ਨ ਭਾਵੇ।
ਝਾਤੀ ਪਾ ਜਾ ਮੋਹਨ, ਆਜਾ ਆਜਾ ਮੋਹਨ।

(ਆਲਿਮ)

## ਪ੍ਰੇਮ ਦੀ ਸੱਦ

ਓਧਰ ਸ਼ਾਮ ਨੇ ਊਧਵ ਨੂੰ ਆਖਿਆ ਏਹ,
ਮੈਨੂੰ ਸੱਦ ਪ੍ਰੇਮ ਦੀ ਆ ਰਹੀ ਏ।
ਕਿਸੇ ਪ੍ਰੇਮੀ ਦੇ ਦਿਲ ਦੀ ਤੜਪ ਭਾਈ,
ਮੇਰੇ ਖਿੱਚ ਕਲੇਜੇ ਨੂੰ ਪਾ ਰਹੀ ਹੈ।
ਮੈਨੂੰ ਜਾਪਦਾ ਬਿਦਰ ਦੀ ਧਰਮ ਪਤਨੀ,

Namdhari Elibrary NamdhariElibrary@gmail.com

ਨਾਲ ਪ੍ਰੇਮ ਦੇ ਔਂਸੀਆਂ ਪਾ ਰਹੀ ਹੈ।
ਰਾਹ ਤੱਕਦੀ ਬਾਵਰੀ ਹੋਈ ਹੋਈ,
ਕਾਂ ਉਡਾਂਵਦੀ ਸਗਨ ਮਨਾ ਰਹੀ ਹੈ।
ਏਨੀ ਆਖ ਕੇ ਵਿਦਾ ਹੋ ਚੱਲ ਪਏ,
ਬੂਹੇ ਅੱਗੇ ਆ ਖੜੇ ਹੋ ਜਾਂਵਦੇ ਨੇ।
ਅੰਦਰ ਬਿਦਰ ਪਤਨੀ ਸੀ ਇਸ਼ਨਾਨ ਕਰਦੀ,
ਬਾਹਰੋਂ ਸ਼ਾਮ ਜੀ ਕੁੰਡਾ ਖੜਕਾਂਵਦੇ ਨੇ।

## ਦਰਸ਼ਨ

ਊਧਵ ਜੀ ਨੇ ਬੂਹਾ ਖੜਕਾਇਆ ਤਾਂ ਭਗਤਣੀ ਜੀ ਨੇ ਇਸ਼ਨਾਨ ਕਰਦਿਆਂ ਆਵਾਜ਼ ਦਿਤੀ-ਮਹਾਰਾਜ ਕੌਣ ਹੈ ? ਜਵਾਬ ਮਿਲਿਆ-ਮਾਤਾ ਜੀ ! ਮਹਾਰਾਜ ਪਧਾਰੇ ਹਨ। ਹੈਂ ਮਹਾਰਾਜ ਪਧਾਰੇ ਹਨ। ਇਹ ਸ਼ਬਦ ਕੰਨ ਵਿੱਚ ਪੈਂਦਿਆਂ ਹੀ ਭਗਤਣੀ ਜੀ ਦੀ ਦਸ਼ਾ ਬਾਵਰਿਆਂ ਜੈਸੀ ਹੋ ਜਾਂਦੀ ਹੈ। ਅੱਧੇ ਬੌਰੇ ਤਾਂ ਭਗਤ ਜਨ ਸਦਾ ਹੀ ਰਹਿੰਦੇ ਹਨ, ਪਰ ਏਹੋ ਜੇਹੇ ਸਮੇਂ ਤਾਂ ਰਹਿੰਦੀ ਖੂੰਹਦੀ ਕਸਰ ਵੀ ਨਿਕਲ ਜਾਂਦੀ ਹੈ। ਇਹ ਵੀ ਸੁੱਧ ਨਾ ਰਹਿ ਗਈ ਕਿ ਸਰੀਰ ਤੇ ਬਸਤਰ ਕੋਈ ਨਹੀਂ। ਕੁੰਡਾ ਖੋਲ੍ਹ ਦਿੱਤਾ, ਤੇ ਭਗਵਾਨ ਨੇ ਅਪਣੇ ਗਲੋਂ ਪੀਤਾਂਬਰ (ਪੀਲਾ ਚੋਲਾ) ਲਾਹ ਕੇ ਭਗਤਣੀ ਦੇ ਉਤੇ ਸੁਟ ਦਿਤਾ। ਇਹ ਮਾਨੋਂ ਇਕ ਪ੍ਰੇਮ ਪਟੋਲਾ ਸੀ, ਜਿਸ ਬਾਬਤ ਗੁਰੂ ਜੀ ਨੇ ਉਚਾਰਿਆ ਹੈ:-

"ਪ੍ਰੇਮ ਪਟੋਲਾ ਤੈ ਸਹਿ ਦਿਤਾ ਢਾਕਣ ਕੂ ਪਤਿ ਮੇਰੀ॥
ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ॥"

(ਸ੍ਰੀ ਗ੍ਰੰਥ ਸਾਹਿਬ)

Namdhari Elibrary NamdhariElibrary@gmail.com

ਭਗਤਣੀ ਜੀ ਨੇ ਮਹਾਰਾਜ ਜੀ ਦੇ ਚਰਨ ਕਮਲਾਂ ਤੇ ਲੋਟ ਪੋਟ ਹੋ ਕੇ "ਧੂੜੀ ਵਿਚਿ ਲੁਡੰਦੜੀ ਸੋਹਾਂ" ਦਾ ਨਕਸ਼ਾ ਖਿੱਚ ਦਿੱਤਾ। ਗੁਰੂ ਜੀ ਨੇ ਅਜੇਹੇ ਪ੍ਰੇਮੀਆਂ ਦੀ ਪ੍ਰਤਿਨਿਧਤਾ ਕਰਦਿਆਂ ਹੋਇਆਂ ਹੀ ਕਿਹਾ ਹੈ:-

"ਬਿਲਾਵਲ ਮਹਲਾ ੪"

"ਅੰਤਰਿ ਪਿਆਸ ਉਠੀ ਪ੍ਰਭ ਕੇਰੀ
ਸੁਣਿ ਗੁਰ ਬਚਨ ਮਨਿ ਤੀਰ ਲਗਈਆ॥
ਮਨ ਕੀ ਬਿਰਥਾ ਮਨ ਹੀ ਜਾਣੈ
ਅਵਰੁ ਕਿ ਜਾਣੈ ਕੋ ਪੀਰ ਪਰਈਆ॥੧॥ਰਹਾਉ॥
ਰਾਮ ਗੁਰਿ ਮੋਹਨਿ ਮੋਹਿ ਮਨੁ ਲਈਆ॥
ਹਉ ਆਕਲ ਬਿਕਲ ਭਈ ਗੁਰ ਦੇਖੇ
ਹਉ ਲੋਟ ਪੋਟ ਹੋਇ ਪਈਆ॥"

ਊਧਵ ! ਮਹਾਰਾਜ ਜੀ ਨੇ ਕਿਹਾ-ਇਹ ਮੇਰੇ ਮਸਤਾਨਿਆਂ ਦੀਵਾਨਿਆਂ ਦਾ ਡੇਰਾ ਹੈ। ਰਾਜਿਆਂ ਮਹਾਰਾਜਿਆਂ ਦਾ ਨ੍ਹੀਂ ਕਿ ਪਲੰਘ ਡਾਹ ਕੇ ਉੱਤੇ ਗਦੇਲੇ ਰਖਣਗੇ। ਭਾਈ ਯਾਰੜੇ ਦਾ ਸੱਥਰ ਹੀ ਚੰਗਾ ਹੈ। ਸੁੱਟ ਭੂਰੀ ਤੇ ਬਹਿ ਜਾਈਏ। ਇਹ ਨਸ਼ਾ ਕੀ ਪਤਾ ਹੈ ਕਦੋਂ ਲਹਿਣਾ ਹੈ। ਠੀਕ ਹੀ ਕਿਹਾ ਹੈ:-

## ਗਜ਼ਲ

"ਜੂੰਹੀਂ ਆਮਦ ਆਮਦ ਇਸ਼ਕ ਕਾ,
ਇਸ ਦਿਲ ਨੇ ਮੁਜਦਾ ਸੁਨਾ ਦੀਆ।
ਖ਼ਿਰਦੋ ਹਵਾਸੋ ਸ਼ਕੈਬ ਨੇ ਵਹੀਂ ਕੋਸਿ ਕੂਚ ਬਜਾ ਦੀਆ।
ਜਿਸੇ ਦੇਖਨਾਂ ਹੀ ਮੁਹਾਲ ਥਾ ਨ ਥਾ ਉਸਕਾ ਨਾਮੋ ਨਿਸ਼ਾਂ ਕਹੀਂ।
ਹਰੇਕ ਜ਼ੱਰੇ ਮੇਂ ਇਸ਼ਕ ਨੇ ਹਮੇਂ ਉਸਕਾ ਜਲਵਾ ਦਿਖਾ ਦੀਆ।"

(੨)

ਕਾਦਰੀ ਮਹਾਤਮਾ ਨੇ ਕਿਹਾ ਹੈ:-

"ਐ ਯਾਰ ਤੇਰੇ ਇਸ਼ਕ ਨੇ ਦੀਵਾਨਾ ਕਰ ਦੀਆ।
ਦੁਨਜਾ ਵ ਦੀਂ ਕੀ ਕਾਰ ਸੇ ਬੇਗਾਨਾ ਕਰ ਦੀਆ।
ਤੁਰਫ਼ਾ ਯੇ ਫ਼ੈਜ਼ ਸਾਕੀ ਮਸਤੋਂ ਕਾ ਆਮ ਹੈ।
ਪੈਮਾਨਾ ਖੁਸ਼ ਪਿਲਾ ਦੀਆਂ ਮਸਤਾਨਾ ਕਰ ਦੀਆ।"

ਊਧਵ ਜੀ ਭੂਰੀ ਸੁਟ ਦਿੰਦੇ ਹਨ। ਮਹਾਰਾਜ ਜੀ ਬੈਠ ਜਾਂਦੇ ਹਨ। ਕੁਛ ਦੇਰ ਦੇ ਪਿਛੋਂ ਮਾਤਾ ਜੀ ਨੂੰ ਜਰਾ ਕੁ ਹੋਸ਼ ਆਉਂਦੀ ਹੈ ਤੇ ਊਧਵ ਪ੍ਰਤਿ ਕਹਿੰਦੇ ਹਨ-ਸਗੋਂ ਇਹ ਮਹਾਰਾਜ ਜੀ ਹੈਨ ? ਮੈਂ ਤਰ ਗਈ। ਸ਼ੁਕਰ ਹੈ ਕੀੜੀ ਦੇ ਘਰ ਨਰੈਣ ਆਏ ਹਨ।

"ਅਜ ਅੰਗਣਾਂ ਸੁਹਾਵਾ ਮੇਰਾ ਅਜ ਅੰਗਣਾਂ ਸੁਹਾਵਾ ਮੇਰਾ
ਘਰ ਪਾਇਆ ਸ਼ਾਮ ਨੇ ਫੇਰਾ ਅਜ ਅੰਗਣਾਂ ਸੁਹਾਵਾ ਮੇਰਾ।"

ਸ਼ਾਇਦ ਗੁਰੂ ਅਰਜਨ ਦੇਵ ਜੀ ਨੇ ਅਜੇਹੇ ਪ੍ਰੇਮੀਆਂ ਦੀ ਦਸ਼ਾ ਦਾ ਵਰਨਨ ਕਰਦਿਆਂ ਕਿਹਾ ਸੀ ਕਿ:-

"ਜੇ ਤੂ ਵਤਹਿ ਅੰਙਣੇ ਹਭ ਧਰਤਿ ਸੁਹਾਵੀ ਹੋਇ॥
ਹਿਕਸੁ ਕੰਤੈ ਬਾਹਰੀ ਮੈਡੀ ਵਾਤ ਨ ਪੁਛੈ ਕੋਇ॥"

(ਮਾਰੂ ਤਖਣੇ ਮ:੫)

ਮਹਾਰਾਜ ਜੀ ਨੇ ਮਾਤਾ ਜੀ ਨੂੰ ਕੁਛ ਹੋਸ਼ ਵਿਚ ਦੇਖਦਿਆਂ ਹੋਇਆਂ ਕਿਹਾ-ਮਾਤਾ ! ਅਸੀਂ ਦਰਜਾ ਲੰਘ ਕੇ ਤੁਹਾਡਾਇ ਦਰਸ਼ਨ ਕਰਨ ਆਏ ਹਾਂ, ਜਿਸ ਕਰਕੇ ਭੁੱਖ ਸਤਾ ਰਹੀ ਹੈ; ਕੁਛ ਛਕਾਓ ਤਾਂ ਸਹੀ। ਮਾਤਾ ਜੀ ਕੁਟੀਆ ਵਿਚ ਜਾ ਕੇ ਝਟ ਪਟ ਇਕ ਕੇਲਿਆਂ ਦਾ ਗੁੱਛਾ ਕੱਢ ਲਿਔਂਦੇ ਤੇ ਛਿੱਲ ਕੇ ਹਜ਼ੂਰ ਦੇ ਮੂੰਹ ਵਿਚ ਕੇਲੇ ਦਾ ਛਿੱਲੜ ਦੇ ਦਿੰਦੇ ਹਨ। ਮਹਾਰਾਜ ਜੀ ਝਟ ਖਾ ਕੇ ਫੇਰ ਮੂੰਹ ਖੋਲ੍ਹਦੇ ਹਨ। ਮਾਤਾ ਜੀ ਗਿਰੀਆਂ ਸੁਟਦੇ ਜਾ ਰਹੇ

ਹਨ ਤੇ ਛਿਲਕੇ ਖਵਾਂਦੇ ਜਾਂਦੇ ਹਨ। ਜਦ ਦਰਜਨ ਦੇ ਕਰੀਬ ਛਿਲੜ ਖਾਧੇ ਗਏ ਤਾਂ ਬਿਦਰ ਜੀ ਬਾਹਰੋਂ ਆ ਕੇ ਅਚਰਜ ਰਹਿ ਗਏ। ਮਾਤਾ ਜੀ ਇਕ ਖਾਸ ਅੰਦਾਜ ਵਿਚ ਬਿਦਰ ਜੀ ਨੂੰ ਕਹਿੰਦੇ ਹਨ। "ਵੇਖ ਲੌ ! ਸੁਆਮੀ ਜੀ ! ਤੁਸੀਂ ਆਖਦੇ ਸੀ-ਮਹਾਰਾਜ ਇਕ ਬੜੇ ਰਾਜਸੀ ਕੰਮ ਹਿਤ ਆਏ ਹਨ ਇਸ ਲਈ ਉਨ੍ਹਾਂ ਨੂੰ ਸਾਡੀ ਕੁਟੀਆ ਵਿਚ ਚਰਨ ਪਾਣ ਦੀ ਫੁਰਸਤ ਨਹੀਂ ਹੈ। ਹੁਣ ਫ਼ੁਰਸਤ ਮਿਲੀ ਨੇ ਕਿ ਨਹੀਂ। ਆਹ ਬੈਠੇ ਜੇ। ਕਰ ਲੌ ਰੱਜ ਕੇ ਦਰਸ਼ਨ। ਧੰਨ ਮੇਰੇ ਸ਼ਾਮ ਸੁੰਦਰ-ਬੋਲ ਕ੍ਰਿਸ਼ਨ ਮਹਾਰਾਜ ਕੀ ਜੈ।"

ਬਿਦਰ ਜੀ ਸਾਸ਼ਟਾਂਗ ਪ੍ਰਣਾਮ ਕਰਕੇ ਪ੍ਰਦੱਖਣਾ ਲੈਂਦੇ ਹੋਏ ਮਹਾਰਾਜ ਜੀ ਦਾ ਧੰਨਵਾਦ ਕਰਦੇ ਤੇ ਆਪਣੀ ਧਰਮ ਪਤਨੀ ਨੂੰ ਤਾੜਨਾ ਨਾਲ ਕਹਿੰਦੇ ਹਨ ਆਹ ਕੀ ਚੰਦ ਚਾੜ੍ਹ ਦਿੱਤਾ ? ਖਾਣ ਵਾਲੀਆਂ ਗਿਰੀਆਂ ਸੁਟ ਛਡੀਆਂ ਹਨ ਤੇ ਮਹਾਰਾਜ ਜੀ ਨੂੰ ਛਿਲਾਂ ਖਵਾਂਦੀ ਰਹੀ ਹੈਂ। ਐਨਾ ਪਾਪ। ਏਸ ਦਾ ਪ੍ਰਾਸਚਿਤ ਕਿਵੇਂ ਕੀਤਾ ਜਾਊ ?

## ਉਲਾਂਭਾ

ਭਗਤਣੀ ਜੀ ਹੁਣ ਹੋਸ਼ ਵਿਚ ਸਨ। ਪਤੀ ਜੀ ਨੂੰ ਤਾਂ ਕੁਛ ਨਹੀਂ ਕਿਹਾ-ਮਹਾਰਾਜ ਜੀ ਨੂੰ ਉਲਾਂਭਾ ਦੇਣ ਲਗ ਪਏ। ਮਹਾਰਾਜ !

"ਇਸ ਦਾਸੀ ਕੋ ਉਲਾਹਨੋਂ ਸੁਣੀਓ ਸੀ ਭਗਵਾਨ।
ਅਜਬ ਤਮਾਸ਼ਾ ਤੁਮ ਕੀਓ, ਮੋ ਪਤਿ ਜਾਨਿਓ ਆਨ।
ਛਿਲਕਾ ਦੀਨੇ ਨਾਥ ਮੈਂ, ਭੂਲੀ ਤਨ ਮਨ ਗਿਆਨ।
ਪਰ ਖਾਏ ਕਿਉਂ ਆਪ ਨੇ ਤੁਮ ਥੇ ਚਤੁਰ ਸੁਜਾਨ।
ਉੱਤ੍ਰ ਦੀਆ ਭਗਵਾਨ ਨੇ ਮਸਤੋਂ ਕੇ ਘਰ ਜਾਇ।
ਅਕਲ ਬਿਚਾਰੀ ਕਿਆ ਕਰੇ, ਮਸਤੀ ਜਾਏ ਛਾਇ।
ਮਸਤੋਂ ਕੇ ਦਰਸ਼ਨ ਕੀਏ ਰਹੇਂ ਨ ਹੋਸ਼ ਹਵਾਸ।
ਹਮ ਕੋ ਸੁੱਧ ਬੁੱਧ ਨਾ ਰਹੀ ਹੂਏ ਕਿਆ ਬਿਲਾਸ।

Namdhari Elibrary NamdhariElibrary@gmail.com

ਛਿਲਕਾ ਜਿਨ ਕੋ ਕਹਿਤ ਹੋ ਯਹ ਥੇ ਅੰਮ੍ਰਿਤ ਕੌਰ*।
#ਯਦੀ ਸ੍ਵਾਦਿਸ਼ਟ ਹੋਤ ਨਹਿ, ਹਮ ਮਾਂਗਤ ਕਿਉਂ ਔਰ।
ਮਾਤ ਯਸ਼ੋਧਾ ਦੇਤ ਥੇ ਮਾਖਨ ਦਧੀ ਅਨੰਤ।
ਉਸ ਸੇ ਭੀ ਰਸ ਅਧਿਕ ਥਾ ਕਹਿਤ ਭਏ ਭਗਵੰਤ।

ਮਾਤਾ ਜੀ ਉਹ ਮਸਤ ਬ੍ਰਿਤੀ ਹੀ ਚੰਗੀ ਸੀ ਜਿਸ ਵਿਚ ਆਪ ਦੇ ਖਿਲਾਏ ਹੋਏ ਕੇਲੇ ਦੇ ਛਿਲਕੇ ਮਾਤਾ ਯਸ਼ੋਧਾਂ ਦੇ ਮੱਖਣ ਨਾਲੋਂ ਵੀ ਅਧਿਕ ਸਵਾਦਲੇ ਭਾਸਦੇ ਸਨ:-

"ਦੀਵਾਨਗੀ ਮੇਂ ਖੁਸ਼ ਥਾ ਵ ਲੇਕਿਨ ਐ ਕਾਦਰੀ।
$ਹੈਰਤ ਮੇਂ ਹੂੰ ਕਿ ਕਿਉਂ ਮੁਝੇ ਫ਼ਰਜ਼ਾਨਾ¥ ਕਰ ਦੀਆ।"

(ਦੀਵਾਨਿ ਕਾਦਰੀ)

*ਗਿਰਾਹੀਆਂ। #ਜੇ ਕਰ। $ਅਚਰਜ। ¥ਅਕਲਮੰਦ

ਮਹਾਤਮਾ ਬਿਦਰ ਜੀ ਨੇ ਬੇਨਤੀ ਕੀਤੀ ਮਹਾਰਾਜ ! ਹੁਣ ਮੈਥੋਂ ਵੀ ਇਕ ਕੇਲੇ ਛਕ ਕੇ ਮਾਨ ਬਖਸ਼ੋ। ਹੁਕਮ ਹੋਇਆ ਲਿਆਓ ਜੀ। ਬਿਦਰ ਜੀ ਨੇ ਛਿਲਕੇ ਸੁਟ ਕੇ ਗਿਰੀ ਖਿਲਾਈ ਤਾਂ ਦੰਦਾਂ ਨਾਲ ਟੁਕ ਕੇ ਸੁਟਦੇ ਹੋਏ ਇਉਂ ਬੋਲੇ:-

"ਸਾਰ ਖਿਲਾਇਓ ਬਿਦਰ ਜੀ ਤੁਮਨੇ ਹੋ ਸਾਵਧਾਨ।
ਪਰ ਛਿਲਕੇ ਸਮ ਸ੍ਵਾਦ ਨਹਿ ਬੋਲ ਉਠੇ ਭਗਵਾਨ।"

## ਵਾਪਸ ਹਸਤਨਾਂ ਪੁਰ

ਭਗਵਾਨ ਨੇ ਰਾਤ ਗੁਜ਼ਾਰੀ ਬਿਦਰ ਕੁਟੀਆ ਵਿਚ। ਸਾਗ ਨਾਲ ਪ੍ਰਸ਼ਾਦ ਛਕਿਆ। ਸਰੋਂ ਦੇ ਸਾਗ ਵਿਚ ਬਾਥੂ ਘੋਟਿਆ ਹੋਇਆ ਛਕ ਕੇ ਮਹਾਰਾਜ ਮਸਤ ਹੋ ਗਏ। ਏਥੋਂ ਵਿਦਿਆ ਹੋ ਕੇ ਫੇਰ ਹਸਤਨਾਂ ਪੁਰ ਪੁਜੇ। ਦਰਯੋਧਨ ਨੇ ਗਿਲਾ ਕਰਦਿਆਂ ਹੋਇਆਂ ਕਿਹਾ-ਆਪ ਨੇ ਚੰਗਾ ਨਹੀਂ ਕੀਤਾ, ਸ਼ੀਸ਼

ਮਹੱਲ ਛੱਡ ਕੇ ਕੱਖਾਂ ਦੀ ਝੁੱਗੀ ਵਿਚ ਰਾਤ ਕੱਟੀ। ਸਭਾ ਦੇ ਸ਼ਿੰਗਾਰ ਭੀਸ਼ਮ ਪਿਤਾਮਾ ਜੀ, ਦ੍ਰੋਣਾਚਾਰਯ ਜੀ ਅਤੇ ਕਰਨ ਜੀ ਨੂੰ ਛੱਡ ਕੇ ਫ਼ਕੀਰਾਂ ਨਾਲ ਪਿਆਰ ਕੀਤਾ। ਸਾਡੇ ਸਾਰਿਆਂ ਦੇ ਕਲੇਜੇ ਤੁਹਾਡੀ ਏਸ ਗੱਲ ਨੂੰ ਦੇਖ ਕੇ ਧੂਖ ਰਹੇ ਹਨ। ਭਗਵਾਨ ਨੇ ਮੁਸਕ੍ਰਾਂਦਿਆਂ ਹੋਇਆਂ ਕਿਹਾ ਰਾਜਨ ਅਸੀਂ ਪਦਾਰਥਾਂ ਦੇ ਭੁੱਖੇ ਨਹੀਂ-ਕੇਵਲ ਪ੍ਰੇਮ ਦੇ ਭੁਖੇ ਹਾਂ। ਜਿਸ ਬਿਦਰ ਜੀ ਦੇ ਘਰ ਜਾਣ ਤੋਂ ਤੁਸੀਂ ਈਰਖਾ ਕਰਦੇ ਤੇ ਉਲਾਂਭੇ ਦੇਂਦੇ ਹੋ ਜੇਹੜਾ ਪ੍ਰੇਮ ਉਨ੍ਹਾਂ ਦੇ ਰਿਦੇ ਵਿਚ ਦੇਖਿਆ ਹੈ ਤੁਸਾਂ ਵਿਚ ਉਸ ਦਾ ਅੰਸ ਮਾਤ੍ਰ ਵੀ ਨਹੀਂ। ਸ੍ਰੀ ਮਾਨ ਭਾਈ ਗੁਰਦਾਸ ਜੀ ਇਸ ਬਾਰਤਾ ਨੂੰ ਇਉਂ ਬਿਆਨ ਕਰਦੇ ਹਨ:-

"ਆਇਆ ਸੁਣਿਆ ਬਿਦਰ ਦੇ ਬੋਲੇ ਦੁਰਜੋਧਨ ਹੋਇ ਰੁਖਾ।
ਘਰ ਅਸਾਡੇ ਛੱਡਕੇ ਗੋਲੇ ਦੇ ਘਰ ਜਾਹਿ ਕਿ ਸੁਖਾ।
ਭੀਖਮ ਦ੍ਰੋਣਾ ਕਰਨ ਤਜ ਸਭਾ ਸਿੰਗਾਰ ਵਡੇ ਮਾਨੁਖਾ।
ਝੁਗੀ ਜਾਇ ਵਲਾਇਓਨਿ ਸਭਨਾਂ ਦੇ ਜੀਅ ਅੰਦਰ ਧੁਖਾ।
ਹਸ ਬੋਲੇ ਭਗਵਾਨ ਜੀ ਸੁਣਹੋ ਰਾਜਾ ਹੋਇ ਸਨਮੁਖਾ।
ਤੇਰੇ ਭਾਉ ਨ ਦਿਸਈ ਮੇਰੇ ਨਹੀਂ ਅਪਦਾ ਦੁਖਾ।
ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤ ਚਾਉ ਨ ਚੁਖਾ।
ਗੋਵਿੰਦ ਭਾਉ ਭਗਤ ਦਾ ਭੁਖਾ।"

(ਵਾਰਾਂ ਗੁਰਦਾਸ, ਵਾਰ ੧੦)

ਸ੍ਰੀ ਗਰੰਥ ਸਾਹਿਬ ਵਿਚ ਸ੍ਰੀ ਕਬੀਰ ਜੀ ਦੇ ਇਕ ਸ਼ਬਦ ਦੁਆਰਾ ਮਹਾਰਾਜ ਦੁਰਯੋਧਨ ਦੇ ਖਿਝਣ ਤੇ ਇਉਂ ਉੱਤ੍ਰ ਦਿੰਦੇ ਹਨ:-

"ਰਾਜਨ ਕਉਨੁ ਤੁਮਾਰੈ ਆਵੈ॥
ਐਸੋ ਭਾਉ ਬਿਦਰ ਕਉ ਦੇਖਿਓ ਓਹੁ ਗਰੀਬੁ ਮੋਹਿ ਭਾਵੈ॥ਰਹਾਉ॥
ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ॥
ਤੁਮਰੋ ਦੂਧੁ ਬਿਦਰ ਕੋ ਪਾਨੋ ਅੰਮ੍ਰਿਤੁ ਕਰਿ ਮੈ ਮਾਨਿਆ॥

Namdhari Elibrary NamdhariElibrary@gmail.com

ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ॥
ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ॥"

(ਸ੍ਰੀ ਗ੍ਰੰਥ ਸਾਹਿਬ)

# ਪ੍ਰਭੂ ਪ੍ਰੇਮ

## (ਕਬਿਤ)

ਜੂਠੇ ਬੇਰ ਖਾ ਕੇ ਰਾਮ ਭੀਲਣੀ ਨਿਹਾਲ ਕੀਤੀ,
ਚਰਨ ਧੁਆ ਕੇ ਵਿਚ ਪੰਪਾਸਰ ਪਾਏ ਸਨ।
ਟੁਟੇ ਫੁਟੇ ਤੰਦਲ ਸੁਦਾਮੇ ਨੇ ਖਿਲਾਏ ਜਦੋਂ,
ਸੋਨੇ ਦੇ ਮਹੱਲ ਉਹਦੇ ਸ਼ਾਮ ਨੇ ਬਨਵਾਏ ਸਨ।
ਕੇਲਿਆਂ ਦੇ ਛਿੱਲ ਬੇਹਾ ਸਾਗ ਬਿਦਰ ਪਤਨੀ ਦਾ,
ਖਾਇਕੇ ਪ੍ਰਭੂ ਨੇ ਗੀਤ ਉਪਮਾ ਦੇ ਗਾਏ ਸਨ।
ਛੋਲਿਆਂ ਦੀ ਰੋਟੀ ਖਾ ਕੇ ਧੰਨੇ ਨੂੰ ਨਿਹਾਲ ਕੀਤਾ,
ਬਣ ਕੇ ਤੇ ਵਾਗੀ ਉਹਦੇ ਡੰਗਰ ਚਰਾਏ ਸਨ।
ਸੈਣ ਦਾ ਪ੍ਰੇਮ ਵੇਖ ਸਾਧੂਆਂ ਦੇ ਨਾਲ ਭਾਈ,
ਪਾਇਕੇ ਰਾਛਨੀ ਗਲ ਨਾਈ ਬਣ ਧਾਏ ਸਨ।
ਨਾਮ ਦੇਵ ਤਾਈਂ ਨਿਰਾ ਪ੍ਰੇਮ ਦਾ ਸਰੂਪ ਵੇਖ,
ਬਣ ਕੇ ਤੇ ਬੇਢੀ ਉਹਦੇ ਮੰਦਰ ਛਵਾਏ ਸਨ।
ਕੋਧਰੇ ਦੀ ਰੋਟੀ ਖਾ ਕੇ ਲਾਲੋ ਨੂੰ ਨਿਹਾਲ ਕੀਤਾ,
ਭਾਗੋ ਦੇ ਪਦਾਰਥ ਨ ਕਿਸੇ ਕੰਮ ਆਏ ਸਨ।
ਪ੍ਰੇਮ ਨੂੰ ਕਬੂਲ ਕਰੋ ਪ੍ਰੇਮ ਦਾ ਹੀ ਭੁੱਖਾ ਰੱਬ,
"ਆਲਿਮ" ਪ੍ਰੇਮ ਸੁਖ ਸਹਿਜ ਸਮਾਏ ਸਨ।

(੭)

# ਭਾਈ ਤਿਲੋਕੇ ਦੀ ਅਰਦਾਸ

ਛੇਵੇਂ ਪਾਤਸਾਹ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਅਕਾਲਤਖਤ ਤੇ ਸੁਭਾਇਮਾਨ ਸਨ। ਤਿਲੋਕਾ ਨਾਮੀ ਇਕ ਸ੍ਰਦਾਰ ਚਰਨ ਕਮਲਾਂ ਤੇ ਪ੍ਰਣਾਮ ਕਰਨ ਉਪਰੰਤ ਉਪਦੇਸ਼ ਲੈਣ ਦੀ ਜਾਚਨਾ ਕਰਦਾ ਹੈ। ਗੁਰੂ ਜੀ ਉਚਾਰਨ ਕਰਦੇ ਹਨ, ਭਾਈ ਤਿਲੋਕ ਚੰਦ ਪ੍ਰਮੇਸਰ ਦਾ ਨਾਮ ਹਿਰਦੇ ਵਿਚ ਧਾਰਨ ਕਰੋ। ਅਤੇ ਕਿਸੇ ਨੂੰ ਦੁਖਾਣਾ ਅਪਣੇ ਧਰਮ ਦੇ ਵਿਰੁਧ ਸਮਝੋ:-

¥ "ਗੁਰੂ ਕਹਾ ਸਤਿ ਨਾਮ ਰਿਦ ਧਾਰੋ॥

ਸਭ ਜੀਵਨ ਪਰ ਦਇਆ ਵਿਚਾਰੋ॥੯੦॥

ਦੋਹਰਾ॥ ਸਰਬ ਭੂਤ ਆਤਮ ਪਿਖੋ ਕਿਸੇ ਦੁਖਾਵੋ ਨਾਹਿ॥

ਯਾ ਸਮ ਭਗਤ ਨ ਔਰ ਹੈ ਧਰੋ ਸਤ ਰਿਦ ਮਾਹਿ॥੯੧॥

ਭਾਈ ਤਿਲੋਕਾ ਨਾਮ ਲੈ ਕੇ ਨਮਸਕਾਰ ਕਰਦਾ ਤੇ ਵਿਦਾ ਹੋ ਜਾਂਦਾ ਹੈ। ਉਹ ਗਜ਼ਨੀ ਦੇ ਇਕ ਮੁਗ਼ਲ ਰਾਜਾ ਦਾ ਨੌਕਰ ਸੀ। ੫੦ ਰੁਪੈ ਮਹੀਨਾ ਤਨਖਾਹ ਸੀ। ਇਕ ਦਿਨ ਮੁਗਲ ਸ਼ਿਕਾਰ ਚੜ੍ਹਿਆ ਤਿਲੋਕਾ ਵੀ ਨਾਲ ਹੈ। ਉਸ ਦੇ ਅਗੇ ਇਕ ਹਰਨੀ ਨਿਕਲਦੀ ਹੈ, ਜਿਸਦੇ ਗਰਭ ਵਿਚ ਦੋ ਬੱਚੇ ਸਨ। ਹਰਨੀ ਪਿਛੇ ਘੋੜਾ ਛਡ ਕੇ ਤਿਲੋਕਾ ਉਸ ਨੂੰ ਤਲਵਾਰ ਮਾਰ ਕੇ ਦੋ ਟੁਕੜੇ ਕਰ ਦਿੰਦਾ ਹੈ।

¥ਤਿਲੋਕੇ ਤਮਕ ਤੇਗ਼ ਤਹਿ ਝਾੜੀ।

ਗਰਭ ਸਹਿਤ ਮ੍ਰਿਗਨੀ ਥੀ ਮਾਰੀ।

ਤਾਹਿ ਉਦਰ ਤੋਂ ਬਚ ਗਿਰਾਏ।

ਨਿਕਸ ਤੜਫ ਤਿਹ ਪ੍ਰਾਨ ਤਜਾਏ॥੯੪॥
ਦੋਹਰਾ॥ ਤਿਲੋਕਾ ਦਿਖ ਬਿਸਮੈ ਭਜੇ,
ਨਿਜ ਮਨ ਧ੍ਰਿਗੈ ਉਚਾਰ॥
ਗੁਰ ਕਾ ਬਚਨ ਬਿਸਾਰਿਓ ਰੇ ਜੜ ਮੂੜ੍ਹ ਗਵਾਰ॥੯੫॥
"ਗੁਰ ਕਾ ਬਚਨ ਦਇਆ ਰਿਧ ਧਾਰੋ।
ਸਰਬ ਭੂਤ ਆਤਮ ਦ੍ਰਿਸ਼ਟਾਰੋ।
ਸੋ ਵਿਸਾਰ ਤੈਂ ਮਨ ਤੇ ਦੀਨਾਂ।
ਸੋ ਵਿਸਾਰ ਹਿੰਸਾ ਕੋ ਕੀਨਾ।
ਤਾਂਤੇ ਤੇਗ ਰਖੋ ਨਹਿ ਪਾਸਾ।
ਹੋਵਤ ਤੇਗ ਜੀਵ ਹੋਇ ਨਾਸਾ।
ਕਾਸ਼ਟ ਤੇਗ ਮਿਆਨ ਮਧ ਡਾਰੀ।
ਮੂਠ ਲੋਹ ਤਹਿ ਸਾਥ ਸਵਾਰੀ॥੯੬॥

¥ਗੁਰਬਿਲਾਸ ਪਾਤਸ਼ਾਹੀ ੬ ਧਿਆ ੮ ਛੰਦ ੮੯ ਤੋਂ ੯੬ ਤਕ।

ਇਕ ਦਿਨ ਕੋਈ ਚੁਗਲ ਰਾਜਾ ਪਾਸ ਸ਼ਕੈਤ ਕਰਦਾ ਹੈ ਕਿ ਤਿਲੋਕ ਚੰਦ ਦੀ ਤਲਵਾਰ ਕਾਠ ਦੀ ਹੈ, ਜਿਸ ਤੋਂ ਅੰਦੇਸ਼ਾ ਹੈ ਕਿ ਕਿਤੇ ਸਮੇਂ ਸਿਰ ਸਰਕਾਰ ਨੂੰ ਧੋਖਾ ਦੇਵੇ। ਰਾਜਾ ਇਸ ਗੱਲ ਦੀ ਪ੍ਰੀਖਿਆ ਵਾਸਤੇ ਇਕ ਖਾਸ ਦਰਬਾਰ ਨਿਯਤ ਕਰ ਕੇ ਸਭ ਸ੍ਰਦਾਰਾਂ ਨੂੰ ਹੁਕਮ ਦਿੰਦਾ ਹੈ ਕਿ ਵਾਰੀ ਵਾਰੀ ਆਪਣੀਆਂ ਤਲਵਾਰਾਂ ਵਖਾਓ। ਇਹ ਡਰਾਮਾ ਇਕ ਬੰਨਿਓਂ ਸ਼ੁਰੂ ਹੋ ਜਾਂਦਾ ਹੈ। ਭਾਈ ਤਿਲੋਕਾ ਜੀ ਮਨ ਹੀ ਮਨ ਵਿਚ ਮੀਰੀ ਪੀਰੀ ਦੇ ਮਾਲਿਕ ਅਗੇ ਅਰਦਾਸ ਕਰ ਰਹੇ ਹਨ ਕਿ ਲੱਜਿਆ ਆਪ ਨੇ ਹੀ ਰਖਣੀ ਹੈ। ਕਿਉਂਕਿ ਆਪ ਦੇ ਹੀ ਅਹਿੰਸਾ ਰੂਪ ਉਪਦੇਸ਼ ਉਤੇ ਅਮਲ ਕਰਦਿਆਂ ਹੋਇਆਂ ਮੈਂ ਕਾਠ ਦੀ ਤਲਵਤਰ ਗੁਪਤ ਰੂਪ ਵਿਚ ਰਖੀ ਹੋਈ ਹੈ। ਜੇ ਹੁਣ ਪਰਦਾ ਖੁਲ੍ਹ

ਗਿਆ ਤਾਂ ਮੇਰੀ ਹਾਨੀ ਨਹੀਂ ਆਪ ਨੂੰ ਹੀ ਲੱਜਿਆ ਹੈ। ਵਾਰੀ ਅਨੁਸਾਰ ਬੜੇ ਨਿਸਚੇ ਨਾਲ ਮਿਆਨ ਵਿਚੋਂ ਤਲਵਾਰ ਖਿਚਦਾ ਹੈ। ਤਲਵਾਰ ਬਿਜਲੀ ਦੇ ਸਮਾਨ ਚਮਕਦੀ ਹੋਈ ਵੇਖ ਸਭ ਦੀਆਂ ਅੱਖਾਂ ਚੁੰਧਿਆ ਜਾਂਦੀਆਂ ਹਨ। ਗੁਰ ਬਿਲਾਸ ਦੇ ਕਰਤਾ ਜੀ ਲਿਖਦੇ ਹਨ:-

*"ਸਤਿਨਾਮ ਕਹਿ ਤੇਗ ਨਿਕਾਰੀ॥*
*ਉਤਮ ਅਸਿ ਜਿਹ ਕੀਮਤ ਭਾਰੀ।*
*ਤਿਲੋਕੇ ਦਿਖ ਧੰਨ ਗੁਰ ਕੋ ਕਹਾ।*
*ਮੁਗਲ ਤੇਗ ਦਿਖ ਬਡ ਸੁਖ ਲਹਾ।"੧੦੪।*

ਫਲ ਸਰੂਪ ਵਿਚ ਚੁਗਲ ਖੋਰ ਦਾ ਮੂੰਹ ਕਾਲਾ ਹੁੰਦਾ ਤੇ ਉਸ ਨੂੰ ਨੌਕਰੀ ਤੋਂ ਹਟਾ ਦਿਤਾ ਜਾਂਦਾ ਹੈ। ਕੁਛ ਕਾਲ ਉਪ੍ਰੰਤ ਤਿਲੋਕਾ ਜੀ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਸਾਰੀ ਕਥਾ ਸੁਣਾਂਦੇ ਹਨ, ਗੁਰੂ ਜੀ ਉਚਾਰਣ ਕਰਦੇ ਹਨ :-ਭਾਈ ! ਜੇਹੜਾ ਸਿਖ ਜੀਆਂ ਤੇ ਦਇਆ ਕਰਦਾ ਹੈ, ਸੰਕਟ ਸਮੇਂ ਗੁਰੂ ਜੀ ਉਸ ਦੀ ਸਹੈਤਾ ਕਰਦੇ ਹਨ:-

*'ਸ੍ਰੀ ਗੁਰ ਕਹਾ ਦਇਆ ਅਸ ਭਾਈ।*
*ਦਇਆ ਦੇਖ ਗੁਰ ਕਰੈ ਸਹਾਈ।"*

(੮)

# ਚੀਨੀ ਵਾਲੇ ਦੇ ਦਰਸ਼ਨ

## (ਕਬਿੱਤ)

ਸਰੂ ਜੇਹਾ ਕੱਦ ਤੇ ਸਰੂਪ ਸੀ ਬੇਹੱਦ,
ਗੂੜ੍ਹੇ ਰੰਗੇ ਹੋਏ ਨੈਣ ਮੁਖ ਮੰਡਲ ਨਿਰਾਲਾ ਸੀ।
ਲੰਮੀ ਜੇਹੀ ਧੌਣ ਦਾ ਸੁਲੱਫ ਬੇਨਜ਼ੀਰ ਓਹਦਾ,
ਗੰਢਾਂ ਬਿਨਾਂ ਉਂਗਲਾ ਅਜਾਨ ਬਾਹੂ ਵਾਲਾ ਸੀ।
ਗੋਡੇ ਬਿਨਾਂ ਚੱਪਣਾਂ ਤੇ ਚਾਲ ਸੀ ਸੁਹਾਵੀ ਓਹਦੀ,
ਬਾਣੀ ਮਧੁਰਾੜੀ ਖ਼ਾਲਸਈ ਬੋਲ ਬਾਲਾ ਸੀ।
ਚੀਨੀ ਦਾ ਸਵਾਰ ਸਿਰ ਸਿੱਧੀ ਦਸਤਾਰ ਸੋਹੇ,
ਚਿੱਟਾ ਸੀ ਪੁਸ਼ਾਕਾ ਗਲ ਸਜ ਰਹੀ ਮਾਲਾ ਸੀ।
ਨੂਰ ਦਰਗਾਹੀ ਸੀ ਉਹ ਦੀਨਾਂ ਦਾ ਸਹਾਈ ਸੀ,
ਤੇ ਅੰਨ੍ਹਿਆਂ ਨੂੰ ਅੱਖਾਂ ਦੇ ਕੇ ਕਰਦਾ ਉਜਾਲਾ ਸੀ।
ਹੋਵੇ ਮਸਤਾਨਾ ਨੇ ਸਿਆਣੇ ਪਾਤਸ਼ਾਹਾਂ ਤਾਈਂ,
ਜਿਨੂੰ ਉਹ ਪਿਆਵੇ ਭਰ ਨਾਮ ਦਾ ਪਿਆਲਾ ਸੀ।
ਪਸ਼ੂਆਂ ਪ੍ਰੇਤਾਂ ਦੇ ਸੁਭਾਵਾਂ ਵਾਲੇ ਬੰਦਿਆਂ ਨੂੰ,
ਦੇਵਤੇ ਬਣਾ ਕੇ ਕਰੇ ਸਾਰਿਆਂ ਤੋਂ ਆਲਾ ਸੀ।
ਵਗਦੀ ਝਨਾਂ ਦੇ ਵਿਚੋਂ ਸੁੱਕੇ ਪੈਰੀਂ ਲੰਘ ਜਾਂਦਾ,
ਪਊਏ ਵੀ ਨ ਭਿਜਦੇ ਇਲਾਹੀ ਜੋਤ ਵਾਲਾ ਸੀ।
ਕੰਬਦੇ ਸੀ ਰਾਜੇ ਮਹਾਰਾਜਿਆਂ ਨੂੰ ਖੌਫ਼ ਉਹਦਾ,
ਝੱਲਦਾ ਨਾ ਕੋਈ ਓਸ ਪ੍ਰੀਤਮ ਦੀ ਝਾਲਾ ਸੀ।

ਝਿਜਕਦੇ ਫ਼ਰੰਗੀ ਓਹਦੀ ਵੇਖ ਜਥੇਬੰਦੀ ਲੱਖਾਂ,
ਸੇਵਕਾਂ ਨੂੰ ਵੇਖ ਚਿਤ ਹੋਂਵਦਾ ਦੁਖਾਲਾ ਸੀ।
ਚੋਰ ਧੜਵੈਲ ਡਾਕੂ ਆਂਵਦੇ ਜੋ ਪਾਸ ਓਹਦੇ,
ਪੁੱਛ ਕੇ ਭਜਨ ਜਾਪ ਜਪਦੇ ਅਕਾਲਾਂ ਸੀ।
ਚੜ੍ਹਦਾ ਜਾਂ ਦੌਰੇ ਪੈਂਦਾ ਵਖਤ ਫ਼ਰੰਗੀਆਂ ਨੂੰ,
ਚਾਲ ਸੀ ਅਜੀਬ ਤੇ ਨਿਰਾਲੀ ਉਹਦੀ ਢਾਲਾ ਸੀ।
ਵੇਖ ਕੇ ਦੀਵਾਨ ਜੱਗ ਹੁੰਦਾ ਸੀ ਹਰਾਨ ਉਹਦਾ,
ਕਰਕੇ ਦਿਦਾਰ ਮਨ ਹੋਂਵਦਾ ਸੁਖਾਲਾ ਸੀ।
ਤੀਰ ਵਾਂਗ ਵਿੰਨ੍ਹ ਕੇ ਕਲੇਜੇ ਵਿੱਚੋਂ ਪਾਰ ਹੁੰਦਾ,
ਬਾਣ ਉਹਦੀ ਬਾਣੀ ਸੰਦਾ ਐਸਾ ਅਣੀਆਲਾ ਸੀ।
ਨਾਮ ਨੂੰ ਜਪਾਂਦਾ ਅਤੇ ਗਊਆਂ ਨੂੰ ਬਚਾਂਦਾ ਸੀ ਉਹ,
ਤੋਪ ਉਹਦੀ "ਆਲਿਮ" ਅਠੋਤਰੀ ਜੈ ਮਾਲਾ ਸੀ।

(੯)

# ਰਾਏ ਸਿੰਘ ਦਾ ਫ਼ੋਨ

## (ਬਿਜੈ ਦੰਡਕਾ ਛੰਦ)

ਰਾਏ ਸਿੰਘ ਤਾਈਂ ਗੁਰੂ ਬਾਰ੍ਹਵੇਂ ਨੇ,
ਨਾਲ ਪ੍ਰੇਮ ਦੇ ਕੀਤਾ ਫ਼ਰਮਾਨ ਸੋਹਣਾ।
ਜਾਓ ਹਜ਼ੂਰ ਸਾਹਿਬ ਜੀ ਦੀ ਯਾਤ੍ਰਾ ਨੂੰ,
ਗੁਰੂ ਧਾਮ ਪਰਸੋ ਕਰ ਸਨਮਾਨ ਸੋਹਣਾ।
ਗੁਪਤ ਹੋਣ ਦਾ ਕੌਤਕ ਵਰਤਾਇਆ ਜਿਥੇ,
ਕਲਗੀ ਵਾਲੇ ਕਨਾਤਾਂ ਨੂੰ ਤਾਨ ਸੋਹਣਾ।
ਕਥਾ ਆਦਿ ਗ੍ਰੰਥ ਦੀ ਕਰੋ ਜਾ ਕੇ,
ਲੋਕੀਂ ਕਹਿਣ ਆਇਆ ਵਿਦਵਾਨ ਸੋਹਣਾ।
ਮੰਤਵ ਅਸਲ ਸਾਡਾ ਓਥੇ ਭੇਜਣੇ ਦਾ,
ਗੁਰੂ ਦਸਮ ਦੀ ਰਹਿਤ ਲਿਖ ਲਿਆਵਣੀ ਜੇ।
ਜੇਹੜੀ ਰੀਤੀ ਮ੍ਰਯਾਦਾ ਪ੍ਰਚਲਤ ਓਥੇ,
ਸਾਨੂੰ ਹੂ ਬਹੂ ਸੁਣਾਵਣੀ ਜੇ॥੧॥
ਸਤਿ ਬਚਨ ਕਹਿ ਕੇ ਸਿੱਖ ਤਿਆਰ ਹੋਇਆ,
ਮੋਟਰ ਰੇਲ ਦਾ ਨਹੀਂ ਸੀ ਜ਼ਮਾਨਾ ਓਦੋਂ।
ਬਿਨਾਂ ਉਜ਼ਰ ਕੀਤੇ ਸਤਿ ਬਚਨ ਕਹਿ ਕੇ,
ਬੜਾ ਕਠਿਨ ਸੀ ਹੋਣਾ ਰਵਾਨਾ ਓਦੋਂ।
ਘਣੇਂ ਬਨ ਭਿਆਨਕ ਨੂੰ ਚੀਰ ਕਰਕੇ,
ਨਹੀਂ ਸੁਖੈਨ ਸੀਗਾ ਲੰਘ ਜਾਨਾਂ ਓਦੋਂ।

ਏਸ ਗੱਲ ਦੀ ਕੋਈ ਗੁੰਟੀ ਨਾਂ ਸੀ,
ਜੀਊਂਦੇ ਜੀ "ਆਲਿਮ" ਪਰਤ ਆਨਾਂ ਓਦੋਂ।
ਸਿਦਕੀ ਸਿੱਖ ਸੀ ਉਹ ਚੀਨੀ ਵਾਲੜੇ ਦਾ,
ਤੁਰ ਪਿਆ ਉਤਸ਼ਾਹ ਦੇ ਨਾਲ ਸੋਹਣਾ।
ਤਨ ਤਨਹਾ ਨਾਂ ਸਾਥੀ ਸੀ ਨਾਲ ਉਸਦੇ,
ਰੱਖ ਆਸਰਾ ਗੁਰੂ ਗੋਪਾਲ ਸੋਹਣਾ॥੨॥
ਗੁਰੂ ਆਸਰੇ ਹੀ ਰਾਏ ਸਿੰਘ ਹੋਰੀਂ,
ਮਜਲੋਂ ਮੰਜ਼ਲੀ ਸਫ਼ਰ ਮੁਕਾ ਰਹੇ ਨੇ।
ਕਈ ਨਦੀ ਨਾਲੇ ਉਹਨਾਂ ਪਾਰ ਕੀਤੇ,
ਗਾਂਦੇ ਗੀਤ ਅਕਾਲ ਦੇ ਜਾ ਰਹੇ ਨੇ।
ਸਿਮਰਨ ਭਜਨ ਦੀ ਮੂਰਤੀ ਜਾਣ ਕੇ ਤੇ,
ਬਨ-ਮਾਣਸ ਵੀ ਸੀਸ ਝੁਕਾ ਰਹੇ ਨੇ।
ਧੰਨ ਧੰਨ ਸੱਚੇ ਸਤਿਗੁਰ ਰਾਮ ਸਿੰਘ ਦੇ,
ਚਰਨ ਕਮਲ ਉਹ ਰਿਦੇ ਵਸਾ ਰਹੇ ਨੇ।
ਰਾਹ ਜਾਂਦਿਆਂ ਮਿਲ ਗਿਆ ਇਕ ਸਾਥੀ,
ਸੀ ਲੰਗੋਟੀਆ ਗੁਰੂ ਨਾ ਧਾਰਿਆ ਸੀ।
ਭਜਨ ਬਾਣੀ ਦੀ ਓਸ ਨੂੰ ਸਾਰ ਨ ਸੀ,
ਰੱਬ ਨਾਮ ਨਾ ਕਦੇ ਚਿਤਾਰਿਆ ਸੀ॥੩॥
ਗਹਿਬਰ ਬਨ ਅੰਦਰ ਤੁਰੇ ਜਾ ਰਹੇ ਸਨ,
ਸੁੰਨ ਸਾਨ ਹੁੰਦੀ ਸ਼ਾਂ ਸ਼ਾਂ ਓਥੇ।
ਠੋਕਰ ਮਾਰਿਆਂ ਕੁੱਝ ਨ ਲਭਦਾ ਸੀ,
ਸੀ ਜਨੌਰਾਂ ਸੰਦੀ ਬਾਂ ਬਾਂ ਓਥੇ।
ਸੂਰ ਚਿਤਰੇ ਅਤੇ ਬਘਿਆੜ ਗਿਦੜ,

ਕਈਆਂ ਪਸ਼ੂਆਂ ਦੀ ਸੀ ਹੁਆਂ ਹੁਆਂ ਓਥੇ।
ਰਾਏ ਸਿੰਘ ਜੀ ਨਹੀਂ ਘਬਰਾਂਵਦੇ ਸਨ,
ਜਪਦੇ ਜਾਂਦੇ ਸੀ ਗੁਰਾਂ ਦਾ ਨਾਂ ਓਥੇ।
ਜਾਂਦੇ ਜਾਂਦਿਆਂ ਪੁਜ ਗਏ ਓਸ ਥਾਂ ਤੇ,
ਗਵਰਨਮੈਂਟ ਨੇ ਚੌਕੀ ਪਵਾਈ ਜਿਥੇ।
ਓਸ ਬਨ ਵਿਚ ਸਿੰਘ ਨਿਵਾਸ ਕਰਦਾ,
ਇਸ ਲਈ ਪਹਿਰੇ ਦੀ ਹੈਸੀ ਕਰੜਾਈ ਓਥੇ॥੪॥
ਪਹਿਰੇਦਾਰਾਂ ਨੇ ਏਨ੍ਹਾਂ ਨੂੰ ਰੋਕ ਕਰਕੇ,
ਕਿਹਾ ਏਥੇ ਹੀ ਰਾਤ ਗੁਜ਼ਾਰੋ ਭਾਈ।
ਦਿਨ ਥੋੜਾ ਤੇ ਰਾਤ ਹੈ ਮੂੰਹ ਆਈ,
ਸਭ ਥਕਾਵਟਾਂ ਤੁਸੀਂ ਨਿਵਾਰੋ ਭਾਈ।
ਖ਼ਤ੍ਰਨਾਕ ਹੈ ਰਾਤ ਨੂੰ ਅਗ੍ਹਾਂ ਜਾਣਾ,
ਮਨ ਆਪਣੇ ਵਿਚ ਵਿਚਾਰੋ ਭਾਈ।
ਅੱਗੇ ਜੰਗਲ ਦੇ ਵਿੱਚ ਹੈ ਸ਼ੇਰ ਪੈਂਦਾ,
ਸੱਚੀ ਗੱਲ ਨ ਮਨੋਂ ਵਿਸਾਰੋ ਭਾਈ॥੫॥
ਰਾਏ ਸਿੰਘ ਨੇ ਸਾਥੀ ਨੂੰ ਆਖਿਆ ਏਹ,
ਏਥੇ ਰਹੀਏ ਤੇ ਰਾਤ ਗੁਜ਼ਾਰੀਏ ਜੀ।
ਸਾਡੇ ਭਲੇ ਦੀ ਆਖੀ ਹੈ ਗੱਲ ਏਨ੍ਹਾਂ,
ਸੂਰਜ ਚੜ੍ਹੇ ਤੇ ਅੱਗੇ ਪਧਾਰੀਏ ਜੀ।
ਕਿਹਾ ਲੰਗੋਟੀਏ ਨਾਲ ਮਖ਼ੌਲ ਅੱਗੋਂ,
ਭਾਈ ਸਾਹਿਬ ਤੁਸੀਂ ਨਾਮਧਾਰੀਏ ਜੀ।
ਕੱਛਾਂ ਪਹਿਰ ਕੇ ਬੀਰ ਨਹੀਂ ਬਣੇ ਤੁਸੀਂ,
ਡਰਦੇ ਮੌਤੋਂ ਅਚਰਜ ਹੈ ਭਾਰੀਏ ਜੀ।

ਦੋ ਕੁ ਮੀਲਾਂ ਦੀ ਵਿੱਥ ਤੇ ਚੱਲ ਰਹੀਏ,
ਰਾਏ ਸਿਘ ਨਾਂ ਤਾਨ੍ਹਾ ਸਹਾਰਿਆ ਸੀ।
ਗਏ ਲੰਘ ਚੌਕੀ ਨ ਪ੍ਰਵਾਹ ਕੀਤੀ,
ਮਨ ਦੇ ਵਿੱਚ ਨ ਕੁਛ ਵਿਚਾਰਿਆ ਸੀ॥੬॥
ਇੱਕ ਰੁੱਖ ਹੇਠਾਂ ਰਾਏ ਸਿੰਘ ਜੀ ਨੇ,
ਸਤਿ ਨਾਮ ਕਹਿ ਕੇ ਡੇਰਾ ਲਾ ਦਿੱਤਾ।
ਥੋੜੇ ਫਾਸਲੇ ਤੇ ਸਾਥੀ ਓਸ ਦੇ ਨੇ,
ਖੇਸ ਆਪਣਾ ਝੱਟ ਵਿਛਾ ਦਿੱਤਾ।
ਥੋੜੀ ਰਾਤ ਬੀਤੀ ਡਿੱਠਾ ਰਾਏ ਸਿੰਘ ਨੇ,
ਆ ਕੇ ਸ਼ੇਰ ਨੇ ਵਾਰ ਚਲਾ ਦਿੱਤਾ।
ਉਸ ਲੰਗੋਟੀਏ ਨੂੰ ਪੰਜਾ ਮਾਰ "ਆਲਿਮ",
ਜਮ ਪੁਰੀ ਦੇ ਵੱਲ ਪਠਾ ਦਿੱਤਾ।
ਰਾਏ ਸਿੰਘ ਜੀ ਨੇ ਚੀਨੀ ਵਾਲੜੇ ਨੂੰ,
ਕੀਤਾ ਫ਼ੋਨ ਤੇ ਕਿਹਾ ਹੁਣ ਆਓ ਗੁਰ ਜੀ।
ਆਪਣੇ ਸਿੰਘ ਨੂੰ ਸਿੰਘ ਦੇ ਵਾਰ ਕੋਲੋਂ,
ਖਿਨਾਂ ਪਲਾਂ ਦੇ ਵਿੱਚ ਬਚਾਓ ਗੁਰ ਜੀ॥੭॥
ਤੁਸਾਂ ਬਿਨਾਂ ਰਾਖਾ ਕੋਈ ਨਹੀਂ ਮੇਰਾ,
ਪੈਜ ਆਪਣੀ ਆਣ ਰਖਾਓ ਗੁਰ ਜੀ।
ਜੁਗ ਜੁਗ ਪੈਜ ਰਖਦੇ ਰਹੇ ਸੇਵਕਾਂ ਦੀ,
ਨਿਕਟੀ ਸੇਵਕ ਨੂੰ ਹੋ ਕੇ ਦਿਖਾਓ ਗੁਰ ਜੀ।
ਬਿਰਦ ਬਾਣੇ ਦੀ ਲਾਜ ਨੂੰ ਰੱਖਣਾ ਜੇ,
ਛੇਤੀ ਆਓ ਗੁਰ ਜੀ, ਛੇਤੀ ਆਓ ਗੁਰ ਜੀ।
ਕਰਕੇ ਰੱਖਿਆ ਆਪਣੇ ਸਾਦ ਸੰਦੀ,

Namdhari Elibrary NamdhariElibrary@gmail.com

ਅਸਲ ਟੀਚੇ ਤੇ ਆਣ ਪੁਚਾਓ ਗੁਰ ਜੀ।
ਤੋਰਨ ਲੱਗਿਆਂ ਤੁਸਾਂ ਇਕਰਾਰ ਕੀਤਾ,
ਰਾਏ ਸਿੰਘ ਤੇਰੇ ਅੰਗ ਸੰਗ ਹਾਂ ਮੈਂ।
ਹੋਰ ਕੋਈ ਵੀ ਖ਼ਾਹਸ਼ ਨਾਂ ਸਤਿਗੁਰੂ ਜੀ,
ਬਚਨ ਕਰੋ ਪੂਰਾ ਰਿਹਾ ਮੰਗ ਹਾਂ ਮੈਂ॥੮॥
ਰਾਏ ਸਿੰਘ ਨੇ ਜਦੋਂ ਅਰਦਾਸ ਕੀਤੀ,
ਚੀਨੀ ਚੜ੍ਹੇ ਤੇ ਆਏ ਅਕਾਲ ਝਟ ਪਟ।
ਜਿਵੇਂ ਨਾਮੇਂ ਦੀ ਗਊ ਜਿਵਾਣ ਬਦਲੇ,
ਗਰੜ ਚੜ੍ਹੇ ਤੇ ਆਏ ਗੋਪਾਲ ਝਟ ਪਟ।
ਜਿਵੇਂ ਰੱਖਿਆ ਕੀਤੀ ਦ੍ਰੋਪਤੀ ਦੀ,
ਸਾੜ੍ਹੀ ਰੂਪ ਹੋ ਆਏ ਦਿਆਲ ਝਟ ਪਟ।
ਵਿਚੋਂ ਥੰਮ ਨਰਸਿੰਘ ਜੀ ਹੋਏ ਪਰਗਟ,
ਦਿੱਤਾ ਆਪਣਾ ਰੂਪ ਦਿਖਾਲ ਝਟ ਪਟ।
"ਆਲਿਮ" ਹੋ ਪਰਗਟ ਸਤਿਗੁਰ ਰਾਮ ਸਿੰਘ ਨੇ,
ਜਲਵਾ ਆਪਣਾ ਝਟ ਦਿਖਾ ਦਿੱਤਾ।
ਰਾਇ ਸਿੰਘ ਨੂੰ ਰੱਖਿਆ ਸਿੰਘ ਕੋਲੋਂ,
ਬਚਨ ਅਪਣਾ ਤੋੜ ਨਿਭਾ ਦਿੱਤਾ॥੯॥

(੧੦)

# ਪ੍ਰੇਮ ਮੀਮਾਂਸਾ

ਅਧਿਆਤਮਿਕ ਫ਼ੋਨ ਦੀ ਆਧਾਰ ਸ਼ਿਲਾ ਪ੍ਰੇਮ ਹੈ। ਇਸ ਲਈ ਉਸ ਦਾ ਥੋੜਾ ਜਿਹਾ ਵਰਨਣ ਕਰਨਾ ਜ਼ਰੂਰੀ ਭਾਸਾ ਹੈ। ਪ੍ਰੇਮ ਤਿੰਨ ਤਰ੍ਹਾਂ ਦਾ ਹੈ। (੧) ਪੂਰਬ ਰਾਗ, (੨) ਮਿਲਨ ਅਤੇ (੩) ਬਿਰਹਾ। ਦਰਸ਼ਨ ਕਰਨ ਤੋਂ ਪਹਿਲਾਂ ਕਥਾ ਕੀਰਤਨ ਅਰ ਸਤਿਸੰਗ ਦੁਆਰਾ ਲਗਨ ਲੱਗਣ ਦਾ ਨਾਉਂ "ਪੂਰਬ ਰਾਗ" ਹੈ। ਸਾਧਨਾਂ ਰਾਹੀਂ ਪੁਰਸ਼ਾਰਥ ਕਰਦਿਆਂ ਹੋਇਆਂ ਦਰਸ਼ਨ ਹੋ ਜਾਣ ਦਾ ਨਾਉਂ "ਮਿਲਨ" ਹੈ ਅਤੇ 'ਮਿਲਨ' ਤੋਂ ਪਿਛੋਂ ਫੇਰ ਵਿਯੋਗ ਹੋ ਜਾਣ ਦਾ ਨਾਉਂ "ਬਿਰਹਾ" ਹੈ। ਏਥੇ "ਬਿਰਹਾ" ਬਾਬਤ ਹੀ ਕੁਛ ਲਿਖਣ ਦੀ ਗੁੰਜੈਸ਼ ਹੈ।

ਸ੍ਰੀ ਗ੍ਰੰਥ ਸਾਹਿਬ ਅੰਦਰ "ਬਿਰਹਾ" ਨੂੰ ਪ੍ਰੇਮ ਵਲੈਤ ਦਾ "ਸੁਲਤਾਨ" ਕਹਿ ਕੇ ਸਤਿਕਾਰਿਆ ਗਿਆ ਹੈ। ਜਿਸ ਹਿਰਦੇ ਵਿਚ ਇਸ ਦਾ ਆਸਣ ਨਾ ਹੋਵੇ ਉਸ ਨੂੰ "ਸ਼ਮਸ਼ਾਨ ਭੂਮੀ" ਦੇ ਤੁੱਲ ਕਹਿ ਕੇ ਤ੍ਰਿਸਕਾਰਿਆ ਗਿਆ ਹੈ:-

"ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ॥"

(ਭਗਤ ਸ੍ਰੋਮਣਿ ਫਰੀਦ)

ਬਿਰਹਾ ਦੇ ੩ ਭੇਦ ਹਨ:- (੧) ਭਾਵੀ ਬਿਰਹਾ, (੨) ਵਰਤਮਾਨ ਬਿਰਹਾ ਅਤੇ (੩) ਭੂਤ ਬਿਰਹਾ।

## (ੳ) ਭਾਵੀ ਬਿਰਹਾ

ਪ੍ਰੇਮੀ ਨੂੰ ਪ੍ਰੀਤਮ ਜੀ ਦਾ ਦਰਸ਼ਨ ਹੋ ਰਿਹਾ ਹੈ। ਉਹ ਚਰਨ ਕਮਲਾਂ

ਦੀ ਮੌਜ ਮਾਨਣ ਵਿੱਚ ਮਸਤ ਹੈ। ਪਤਾ ਲਗਦਿਆਂ ਹੀ ਕਿ "ਪ੍ਰੀਤਮ ਜੀ ਭਲਕੇ ਤੁਰ ਜਾਣਗੇ" ਪ੍ਰੇਮੀ ਦੇ ਰਿਦੇ ਅੰਦਰ ਬੇਚੈਨੀ ਪੈਦਾ ਹੋ ਜਾਂਦੀ ਹੈ। ਹੈਂ ! ਭਲਕੇ ਤੁਰ ਜਾਣਗੇ ? ਮੇਰਾ ਕੀ ਬਣੇਗਾ। ਹੇ ਸੱਚੇ ਪਾਤਸਾਹ। ਅਜੇਹੀ ਭਲਕ ਆਵੇ ਹੀ ਨਾਂ, ਜੇ ਆਵੇ ਵੀ ਤਾਂ ਕੋਈ ਅਜੇਹਾ ਬਹਾਨਾਂ ਬਣ ਜਾਏ ਕਿ ਆਪ ਜਾ ਹੀ ਨਾਂ ਸੱਕਣ। ਜ਼ੋਰ ਦੀ ਬਰਖਾ ਹੀ ਲਗ ਜਾਏ, ਕੋਈ ਪ੍ਰੇਮੀ ਜਾਣ ਹੀ ਨਾਂ ਦੇਵੇ" ਆਦਿ। ਪ੍ਰੇਮੀ ਅਜੇਹੀਆਂ ਕਲਪਨਾਂ ਕਰਨ ਲਗ ਪੈਂਦਾ ਹੈ। ਪ੍ਰਸਿੱਧ ਕਵੀ ਜ਼ੌਕ ਇਸ ਵਿਸ਼ਜ ਨੂੰ ਦਰਸਾਂਦਾ ਹੋਇਆ ਕਹਿ ਰਿਹਾ ਹੈ:-

"ਵੋ ਜਾਨੇ ਕੋ ਕਹੇਂ ਸੁਬਹ, ਤੋ ਮੈਂ ਕਹੂੰ ਦੋਪਹਿਰ। ਔਰ ਚਾਹੂੰ ਕਿ ਦਿਨ ਥੋੜਾ ਸਾ ਢਲ ਜਾਏ ਤੋ ਅੱਛਾ। ਢਲ ਜਾਏ ਜੋ ਦਿਨ ਭੀ, ਤੋ ਫਿਰ ਕਹੂੰ ਸ਼ਾਮ। ਜੋ ਸ਼ਾਮ ਹੋ ਤੋ ਕਹੂੰ ਆਜ ਨਹੀਂ, ਕਲ ਜਾਏਂ ਤੋਂ ਅੱਛਾ। ਜਬ ਕੱਲ ਹੋ ਤੋ ਫਿਰ ਕਹੂੰ ਮੈਂ ਕੱਲ ਕੀ ਤਰਹ। ਗਰ ਆਜ ਕਾ ਦਿਨ ਭੀ ਯੂੰਹੀ ਟਲ ਜਾਏ ਤੋ ਅੱਛਾ। ਅਲਕਿੱਸਾ ਮੈਂ ਨਹੀਂ ਚਾਹਤਾ, ਵੋ ਜਾਏਂ ਯਹਾਂ ਸੇ। ਅਗਰ ਦਿਲ ਉਨ ਕਾ ਯਹੀਂ ਬਹਿਲ ਜਾਏ ਤੋ ਅੱਛਾ।" (ਦੀਵਾਨਿ ਜ਼ੌਕ)

## (ਅ) ਵਰਤਮਾਨ ਬਿਰਹਾ

(੧) ਰਥ ਤਿਆਰ ਹੈ। ਸ੍ਰੀ ਰਾਮ ਜੀ ਰਥ ਵਿਖੇ ਬੈਠੇ ਹਨ। ਪਿਤਾ, ਮਾਤਾ ਇਸ ਬਿਰਹਾ ਦਾ ਚਿੰਤਨ ਕਰਦੇ ਹੋਏ ਬੇਚੈਨ ਤੇ ਬੇਸੁੱਧ ਹੋ ਰਹੇ ਹਨ। ਨਗਰ ਨਿਵਾਸੀਆਂ ਦੀ ਵਿਆਕੁਲਤਾ ਬਾਬਤ ਰਾਮ ਚਰਿਤ ਮਾਨਸ ਦੇ ਕਰਤਾ ਜੀ ਲਿਖਦੇ ਹਨ:-

"ਚਲਤ ਰਾਮ ਲਖ ਅਵਧ ਅਨਾਥਾ॥
ਵਿਕਲ ਲੋਕ ਸਭ ਲਾਗੇ ਸਾਥਾ॥
ਲਾਗਤ ਅਵਧ ਭਿਆਵਨ ਭਾਰੀ॥
ਮਾਨਹੁੰ ਕਾਲ ਰਾਤ ਅੰਧਿਆਰੀ॥
"... ...ਘਰ ਮਸਾਨ ਪਰਿ ਜਨ ਜਨੁ ਭੂਤਾ॥

ਸੁਤ ਹਿਤ ਮੀਤ ਮਨਹੁੰ ਜਮਦੂਤਾ॥
ਬਾਗਨ ਬਿਟਪ ਬੇਲਿ ਕੁਮਲਾਨੀ॥
ਸਰਿਤ ਸਰੋਵਰ ਦੇਖਿ ਨ ਜਾਨੀ॥"

(ਰਾਮ ਚਰਿਤ ਮਾਨਸ)

ਅਯੁੱਧਿਆ ਨਿਵਾਸੀਆਂ ਨੂੰ ਘਰ ਮਸਾਣਾਂ ਸਮ ਭਾਸ ਰਹੇ ਹਨ। ਕੁਟੰਬੀ ਭੂਤ ਪ੍ਰੇਤ, ਪੁੱਤ੍ਰ ਹਤੈਸ਼ੀ, ਤੇ ਮਿਤ੍ਰ ਜਮਾਂ ਸਮਾਨ ਜਾਪਦੇ ਹਨ। ਬਗੀਚੇ ਬਿਰਖ ਤੇ ਬੇਲਾਂ ਕੁਮਲਾ ਰਹੀਆਂ ਹਨ। ਨਦੀਆਂ ਤੇ ਤਲਾ ਐਸੇ ਭਿਆਨਕ ਪ੍ਰਤੀਤ ਹੋ ਰਹੇ ਕਿ ਉਨ੍ਹਾਂ ਵੱਲ ਵੇਖਣ ਨੂੰ ਜੀ ਨਹੀਂ ਕਰਦਾ।

(੨) ਵਰਤਮਾਨ ਬਿਰਹਾ ਦਾ ਦੂਜਾ ਉਦਾਹਰਣ ਭਗਵਾਨ ਕ੍ਰਿਸ਼ਨ ਦਾ ਮਾਤਾ ਪਿਤਾ, ਭਾਈ, ਗੋਪ ਬਾਲ ਅਤੇ ਗੋਪੀਆਂ ਨੂੰ ਕੁਰਲਾਂਦਿਆਂ ਛੱਡ ਕੇ ਮਥਰਾ ਨੂੰ ਤੁਰਨ ਦਾ ਸਮਾਂ ਹੈ।

(੩) ਤੀਜਾ ਉਦਾਹਰਣ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਗੱਡੇ ਉੱਤੇ ਸਵਾਰ ਹੋ ਕੇ ਪ੍ਰਦੇਸ ਗਵਨ ਕਰਨ ਦਾ ਕਰੁਣਾ ਮਈ ਦ੍ਰਿਸ਼ਜ ਹੈ; ਜਿਸ ਨੂੰ ਹੇਠ ਲਿਖੀ ਪੰਜਾਬੀ ਕਵਿਤਾ ਰਾਹੀਂ ਇਉਂ ਵਿਅਕਤ ਕੀਤਾ ਗਿਆ ਹੈ:-

"ਚੀਨੀ ਵਾਲੇ ਪ੍ਰੀਤਮ ਜੀ ਤੱਯਾਰ ਹੋਏ ਪ੍ਰਦੇਸਾਂ ਨੂੰ।
ਕਾਲੀ ਭੂਰੀ ਗਲ ਵਿਚ ਪਾ ਕੇ ਬਦਲ ਲਿਓ ਨੇ ਵੇਸਾਂ ਨੂੰ ।੧।

ਚੰਬੀ ਸੁਰਖੀ ਚੀਨੀ ਤਜ, ਗੱਗੇ ਤੇ ਹੋ ਅਸਵਾਰ ਚਲੇ।
ਭੈਣੀ ਵਿਚ ਹਾਹਾਕਾਰ ਮਚੀ ਬਿਰਹੋਂ ਦੀ ਕਾਤੀ ਮਾਰ ਚਲੇ ।੨।

ਕਈ ਮਾਰ ਦੁਹੱਥੜਾਂ ਪਿੱਟ ਰਹੇ, ਕਈ ਖੋਣ ਸਿਰਾਂ ਦੇ ਵਾਲ ਪਏ।
ਮਸਤਾਨੇ ਚੀਕਾਂ ਮਾਰ ਰਹੇ, ਕਈ ਹਾਲੋਂ ਹੋ ਬੇਹਾਲ ਗਏ ।੩।

ਦਿਲ ਤੜਫ ਰਿਹਾ ਸੀ ਬਾਪੂ ਦਾ, ਭਾਈ ਦੇ ਹੰਜੂ ਵਹਿ ਰਹੇ ਸਨ।
ਬਿਰਛਾਂ ਦੇ ਪੱਤੇ ਡਿਗ ਡਿਗ ਕੇ, ਚਰਨਾਂ ਨੂੰ ਛੂ ਕੇ ਕਹਿ ਰਹੇ ਸਨ ।੪।

Namdhari Elibrary NamdhariElibrary@gmail.com

ਪ੍ਰੀਤਮ ਜੀ ਕਿੱਥੇ ਚੱਲੇ ਹੋ, ਸਾਨੂੰ ਵੀ ਨਾਲੇ ਲੈ ਜਾਣਾ।
ਨਾਂ ਰੋਂਦੇ ਛੱਡ ਅਨਾਥਾਂ ਨੂੰ, ਕੱਲੇ ਹੀ ਰਾਹੇ ਪੈ ਜਾਣਾ ।੫।

ਬਾਪੂ ਜੀ ਕਹਿੰਦੇ ਰਾਮ ਮਿਰੇ, ਤ੍ਰੇਤੇ ਵਿਚ ਵੀ ਇਉਂ ਕੀਤਾ ਸੀ।
ਮੈਂ ਡਿੱਗ ਮਹੱਲੋਂ ਛਿਨ ਭਰ ਦੇ ਵਿਚ, ਮੌਤ ਪਿਆਲਾ ਪੀਤਾ ਸੀ ।੬।

ਹੁਣ ਕਲੀ ਕਾਲ ਵਿਚ ਫਿਰ ਆ ਕੇ, ਮੁੜ ਭਾਣਾ ਇਹ ਵਰਤਾ ਰਹੇ ਹੋ।
ਕਰ ਤਿੱਖਾ ਤੀਰ ਬਿਰ੍ਹੋਂ ਦੇ ਨੂੰ, ਮੁੜ ਸੱਲ ਕਲੇਜੇ ਲਾ ਰਹੇ ਹੋ ।੭।

ਭਾਈ ਜੀ ਕਹਿੰਦੇ ਪ੍ਰੀਤਮ ਜੀ, ਤੁਸੀਂ ਡੇਰੇ ਵਿਚ ਨਿਵਾਸ ਕਰੋ।
ਮੈਂ ਨਾਲ ਪੁਲਸ ਦੇ ਜਾਂਦਾ ਹਾਂ, ਤੁਸੀਂ ਦਿਲ ਅੰਦਰ ਵਿਸ਼ਵਾਸ ਕਰੋ ।੮।

ਐਹ ਹਾਲ ਤੱਕੋ ਮਸਤਾਨਿਆਂ ਦਾ, ਇਹ ਕੀਕਣ ਪਿੱਛੇ ਜੀਵਣਗੇ।
ਕੁਛ ਖਾਵਣਗੇ ਨਾਂ ਪਹਿਨਣਗੇ, ਹਾਂ ਰੱਤ ਜਿਗਰ ਦੀ ਪੀਵਣਗੇ ।੯।

ਸਤਿਗੁਰ ਜੀ ਬਾਂਹ ਉਲਾਰ ਰਹੇ, ਤੇ ਕਹਿੰਦੇ ਧੀਰਜ ਧਰੋ ਤੁਸੀਂ।
ਇਹ ਭਾਣਾ ਹੈ ਪਰਮੇਸਰ ਦਾ, ਕਰ ਮਿੱਠਾ ਇਸ ਨੂੰ ਜਰੋ ਤੁਸੀਂ ।੧੦।

ਇਹ ਕੰਮ ਹੈ ਮੇਰੇ ਈ ਜਾਵਣ ਦਾ, ਬਿਨ ਮੇਰੇ ਗਏ ਫ਼ਰੰਗੀ ਨੇ।
ਇਸ ਦੇਸ਼ ਦੇ ਵਿਚੋਂ ਨਹੀਂ ਜਾਣਾ, ਇਸ ਜਾਬਰ ਤੇ ਅੜਬੰਗੀ ਨੇ ।੧੧।

ਮੈਂ ਝੱਲਾਂ ਕਸ਼ਟ ਵਿਦੇਸ਼ਾਂ ਦੇ, ਤਾਂ ਰਾਜ ਇਨ੍ਹਾਂ ਦਾ ਮੁਕੇਗਾ।
ਤੁਰ ਜਾਵਣਗੇ ਇਹ ਲੰਡਨ ਨੂੰ, ਅੰਗ੍ਰੇਜ਼ ਦਾ ਬੂਟਾ ਸੁੱਕੇਗਾ ।੧੨।

ਇਹ ਦੇਸ਼ ਸੁਤੰਤ੍ਰ ਹੋ ਜਾਸੀ ਬੰਧਨ ਸਭ ਕੱਟੇ ਜਾਵਣਗੇ।
ਗਊਆਂ ਦੀ ਬੰਦ ਖਲਾਸੀ ਹੋਊ ਨਾਹਰੇ ਪਏ ਸਾਰੇ ਲਾਵਣਗੇ ।੧੩।

ਜਦ ਛੁਰੀ ਕਸਾਈ ਸੁੱਟਣਗੇ ਸੇਵਾ ਵਿਚ ਬਿਰਤੀ ਲਾਵਣਗੇ।
ਦੁਧ ਘਿਉ ਦੀਆਂ ਨਦੀਆਂ ਵਗਣਗੀਆਂ, ਬੱਚੇ ਵੀ ਕੁਦਾੜੇ ਲਾਵਣਗੇ ।੧੪।

ਕਲਜੁਗ ਦੇ ਅੰਦਰ ਸਤਿਜੁਗ ਦਾ, ਤਦ ਪਹਿਰਾ ਆਣ ਲਗਾਵਾਂਗਾ।
ਜਦ ਮੁੜਕੇ ਮੈਂ ਪਰਦੇਸਾਂ ਚੋ ਭਾਰਤ ਵਿੱਚ ਫੇਰਾ ਪਾਵਾਂਗਾ ।੧੫।

ਅਵਨੀ ਸਭ ਇਕ ਰਸ ਹੋ ਜਾਊ, ਜਿਸ ਵੇਲੇ ਵਾਪਸ ਆਵਾਂਗਾ।
ਤਦ ਧਰਮ ਚੱਲੇਗਾ ਭਾਰਤ ਵਿਚ ਸਭਨਾਂ ਨੂੰ ਨਾਮ ਜਪਾਵਾਂਗਾ ।੧੬।

(ਆਲਿਮ)

### (ੲ) ਭੂਤ ਬਿਰਹਾ

ਪ੍ਰੀਤਮ ਜੀ ਦੇ ਪ੍ਰਦੇਸ ਗਮਨ ਉਪ੍ਰੰਤ ਪ੍ਰੇਮੀਆਂ ਦੀ ਜੋ ਦਸ਼ਾ ਹੁੰਦੀ ਹੈ, ਉਸਨੂੰ "ਭੂਤ-ਬਿਰਹਾ" ਆਖਦੇ ਹਨ। ਜੈਸੇ-

"ਅਹਿਨਿਸਿ ਜਾਗੈ ਨੀਦ ਨ ਸੋਵੈ॥
ਸੋ ਜਾਣੈ ਜਿਸੁ ਵੇਦਨ ਹੋਵੈ॥
ਪ੍ਰੇਮ ਕੇ ਕਾਨ ਲਗੇ ਤਨ ਭੀਤਰਿ
ਵੈਦੁ ਕਿ ਜਾਣੈ ਕਾਰੀ ਜੀਉ॥"

(ਸ੍ਰੀ ਗ੍ਰੰਥ ਸਾਹਿਬ)

"ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ॥
ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ॥"

(ਸ੍ਰੀ ਕਬੀਰ ਜੀ)

## ਨੌਂ ਨਿਸ਼ਾਨੀਆਂ

ਬਿਰਹ ਪ੍ਰੇਮੀਆਂ ਦੀਆਂ ਆਰਫ਼ ਲੋਕਾਂ ਨੇ ਨੌਂ ਨਿਸ਼ਾਨੀਆਂ ਕਹੀਆਂ ਹਨ:-

-"ਆਸ਼ਕਾਂ ਰਾ ਨੌਂ ਨਿਸ਼ਾਨੀ ਐ ਪਿਸਰ[1]॥
ਆਹ ਸਰਦੋ ਰੰਗ ਜ਼ਰਦੋ ਚਸ਼ਮ ਤਰ[2]॥
ਇੰਤਜ਼ਾਰੀ ਬੇਕਰਾਰੀ ਬੇਆਰਾਮ[3]॥
ਕਮ ਗੁਫ਼ਤਨੋ, ਕਮ ਖੁਰਦਨੋ, ਖ਼ਾਬੇ ਹਰਾਮ[4]॥

Namdhari Elibrary NamdhariElibrary@gmail.com

ਆਹ ਸਰਦ…"ਪਿਰੁ ਘਰਿ ਨਹੀ ਆਵੈ ਮਰੀਐ ਹਾਵੈ॥

ਮੋਹਨ ਨੀਦ ਨ ਆਵੈ ਹਾਵੈ ਹਾਰ ਕਜਰ ਬਸਤ੍ਰ ਅਭਰਨ ਕੀਨੇ॥

ਉਡੀਨੀ ਉਡੀਨੀ ਉਡੀਨੀ॥ ਕਬ ਘਰਿ ਆਵੈ ਰੀ॥

੧. ਐ ਬੇਟਾ ! ਪ੍ਰੇਮੀਆਂ ਦੇ ੯ ਚਿਨ੍ਹ ਹਨ। ਠੰਢੀ ਆਹ, ਪੀਲਾ ਰੰਗ ਅਤੇ ਨੇਤ੍ਰ ਸਜਲ।

੨. ੩. ਉਡੀਕ (ਉਡੀਨੀ ਉਡੀਨੀ ਉਡੀਨੀ॥ ਕਬ ਘਰਿ ਆਵੈ ਰੀ) ਬੇਚੈਨੀ ਅਤੇ ਬੇ ਆਰਾਮੀ

੪. ਥੋੜਾ ਬੋਲਣਾਂ, ਘੱਟ ਖਾਣਾ ਅਤੇ ਨੀਂਦ ਦਾ ਹਰਾਮ ਹੋ ਜਾਣਾ।

## ਕੁਝ ਕਵਿਤਾਵਾਂ

### ਮੁਹੱਬਤ

ਮੁਹੱਬਤ ਸੇ ਯੇ ਬੰਦਾ ਖਾਕ ਸੇ ਅਕਸੀਰ ਹੋਤਾ ਹੈ।
ਮੁਹੱਬਤ ਸੇ ਯੇ ਅਦਨਾ ਸਾਹਿਬੇ ਤੌਕੀਰ ਹੋਤਾ ਹੈ॥੧॥
ਮੁਹੱਬਤ ਕੇ ਅਮਲ ਸੇ ਦਿਲ ਕੀ ਸਿਆਹੀ ਵਰ ਹੋਤੀ ਹੈ।
ਤੋ ਬਸਤੀ ਦਿਲਕੀ ਨੂਰਿ ਹੱਕ ਸੇ ਪੁਰ ਨੂਰ ਹੋਤੀ ਹੈ॥੨॥
ਮੁਹੱਬਤ ਕੇ ਖ਼ੁਮਰ ਸੇ ਜਬ ਕੋਈ ਮਖ਼ਮੂਰ ਹੋਤਾ ਹੈ।
ਅਨਲ ਹੱਕ ਕਾ ਲਗਾ ਨਾਅਰਾ ਮਿਸਲ ਮਨਸੂਰ ਹੋਤਾ ਹੈ॥੩॥
ਮੁਹੱਬਤ ਸ਼ਕਲਿ ਮੁਰਸ਼ਦ ਮੇਂ ਮੁਜੱਸਮ ਹੋ ਕੇ ਜਬ ਆਈ।
ਅਰਸ਼ ਸੇ ਫਰਸ਼ ਤਕ "ਆਲਿਮ" ਹੂਈ ਆਲਮ ਮੇਂ ਰੁਸ਼ਨਾਈ॥੪॥

### ਵਤਨ ਦੀ ਖ਼ਾਕ

"ਵਤਨ ਕੀ ਖ਼ਾਕ ਕਾ ਜ਼ਰਰਾ, ਇਬਾਦਗਾਹ ਹਮਾਰੀ ਹੈ।
ਤਵਾਫ ਇਸਕਾ ਕਰੇਂ ਹਰ ਦਮ, ਯਹੀ ਖ਼ਾਹਸ਼ ਹਮਾਰੀ॥੧॥

ਮੁਨੱਵਰ ਹੈ ਇਸੀ ਕੇ ਨੂਰ ਸੇ, ਅਕਲਿਮਿ ਦਿਲ ਹਮਰੀ।
ਝਲਕ ਇਸਕੀ ਹਜ਼ਾਰੋਂ ਮਾਹੋ ਖ਼ੁਰਸ਼ੀਦੋਂ ਸੇ ਨਿਆਰੀ॥੨॥
ਅਰਸ਼ ਸੇ ਫ਼ਰਸ਼ ਤਕ ਵਾਹਿਦ, ਹਮਾਰਾ ਹੈ ਯੇ ਨੁਕਤਾ ਨਿਗਾਹ।
ਯਹੀ ਦੌਲਤ ਹਮਾਰੀ ਹੈ, ਜੋ ਸਭ ਚੀਜ਼ੋ ਸੇ ਨਿਆਰੀ ਹੈ॥੩॥
ਹੈਂ ਸ਼ੈਦਾ ਹਮ ਇਸੀ ਖ਼ਾਕੇ ਵਤਨ ਕੇ ਜ਼ੱਰਰੇ ਕੇ ਯਾਰੋ।
ਬਹਿਸ਼ਤੋਂ ਕੀ ਨ ਖ਼ਾਹਸ਼ ਹੈ ਨ ਮੁਕਤੀ ਸੇ ਹੀ ਯਾਰੀ ਹੈ॥੪॥

# ਹਿੰਦੂ ਸਿੱਖ ਏਕਤਾ

**ਹਿੰਦੂ ਸਿੱਖ ਨੇ ਭਾਈ ਭਾਈ, ਰੂਹ ਇਕ ਤਸਵੀਰਾਂ ਦੋ।**
**ਬੇਦ ਗ੍ਰੰਥ ਦਾ ਮਨਸ਼ਾ ਇੱਕੋ, ਮਸਲਾ ਇਕ ਤਫਸੀਰਾਂ ਦੋ॥੧॥**
**ਜੰਮਣ ਮਰਣ ਦੂਹਾਂ ਦਾ ਸਾਂਝਾ, ਐਪਰ ਹੈਨ ਜ਼ਮੀਰਾਂ ਦੋ।**
**ਓਅੰਕਾਰ ਹੈ ਮੁੱਢ ਦੋਹਾਂ ਦਾ, ਇੱਕੋ ਤੱਤ ਨਜ਼ੀਰਾਂ ਦੋ॥੨॥**
**ਖ਼ਤ ਲਾਈਨ ਵਿਚ ਫ਼ਰਕ ਨ ਕੋਈ, ਨੁਕਤਾ ਇਕ ਲਕੀਰਾਂ ਦੋ।**
**ਥਿਊਰੀ ਅਤੇ ਫ਼ਿਲੱਸਫੇ ਦਾ ਹੈ, ਮੰਤਵ ਇਕ ਤਕਰੀਰਾਂ ਦੋ॥੩॥**
**ਨੇਸ਼ਨ ਯਾ ਕੌਮੀਅਤ ਦੀ ਹੈ, ਧਰਤੀ ਇਕ ਜਗੀਰਾਂ ਦੋ।**
**ਸੱਭਯਤਾ ਤੇ ਕਲਚਰ ਦੀ ਹੈ, ਕਲਮ ਇਕ ਤਹਿਰੀਰਾਂ ਦੋ॥੪॥**
**ਮੱਸਿਆ ਪੂਰਨਮਾਸ਼ੀ ਸਾਂਝੀ, ਮੰਨਣ ਦੀਆਂ ਤਦਬੀਰਾਂ ਦੋ।**
**ਜੁਰਮ ਦੋਸ਼ ਦਾ ਅਰਥ ਹੈ ਇਕੋ, ਮੁਜਰਮ[੨] ਇਕ ਤਕਸੀਰਾਂ[੩] ਦੋ॥੫॥**
**ਸੈਪਰੇਸ਼ਨ[੪] ਦਾ ਨਾਅਰਾ ਜ਼ਨ[੫], ਸੱਜਾਦ[੬] ਇਕ ਨਖਚੀਰਾਂ[੭] ਦੋ।**
**ਸ੍ਰੋਤ[੮] ਇਕ ਬਿਜਲੀ ਦਾ 'ਆਲਿਮ' ਬਲਬਾਂ[੯] ਦੀਆਂ ਤਨਵੀਰਾਂ[੧੦] ਦੋ॥੬॥**

੧. ਭਾਸ਼, ੨. ਦੋਸ਼ੀ, ੩. ਦੋਸ਼, ੪. ਅਲਹਿਦਗੀ, ੫. ਨਾਹਰਾ ਲਾਣ ਵਾਲਾ, ੬. ਸ਼ਿਕਾਰੀ, ੭. ਸ਼ਿਕਾਰ, ੮. ਚਸ਼ਮਾ, ੯. ਬਿਜਲੀ ਦਾ ਲਾਟੂ, ੧੦. ਸ਼ਕਲਾਂ।

Namdhari Elibrary NamdhariElibrary@gmail.com

ਲੇਖਕ ਦੀਆਂ ਹੋਰ ਪੁਸਤਕਾਂ

ਪੰਜਾਬੀ :

1. ਗੁਰੂ ਪਦ ਪ੍ਰਕਾਸ਼-ਤਿੰਨ ਭਾਗ
2. ਸਿਖ ਧਰਮ ਤੇ ਮਾਸ
3. ਜਗੁ ਪਲਟਾਊ ਸਤਿਗੁਰੂ
4. ਗੁਰੂ ਦਰਸ਼ਨ
5. ਨਾਮਧਾਰੀ ਸਿਧਾਂਤ ਪ੍ਰਦਰਸ਼ਨ

हिंदी :

१. सिक्खा धर्म एवम मांस

२. नामधारी सिद्धान्त परिचय

३. क्रान्तिकारी सतगुरु

Namdhari Elibrary NamdhariElibrary@gmail.com

Namdhari Elibrary NamdhariElibrary@gmail.com

ਸੰਤ ਨਿਧਾਨ ਸਿੰਘ ਆਲਿਮ (1889-1956) ਦੀਆਂ ਰਚਨਾਵਾਂ ਆਲਿਮਾਨਾ ਹਨ। ਉਹਨਾਂ ਦੀਆਂ ਲਿਖਤਾ ਖੋਜ ਭਰਪੂਰ ਅਤੇ ਬਾਦਲੀਲ ਹੁੰਦੀਆਂ ਹਨ। ਉਹਨਾਂ ਨੇ ਵਾਰਤਕ ਅਤੇ ਕਵਿਤਾ ਦੋਹਾਂ ਵਿੱਚ ਉਚ ਪਧਰੀ ਰਚਨਾਵਾਂ ਕੀਤੀਆਂ ਹਨ। ਉਹਨਾਂ ਦੇ ਕੁਝ ਪ੍ਰਸੰਗ ਕਾਵਿ ਅਤੇ ਵਾਰਤਕ ਦੀ ਮਿਲਵੀ ਪੇਸ਼ਕਾਰੀ ਦਾ ਵਧੀਆ ਨਮੂਨਾ ਹਨ। ਰੂਹਾਨੀ ਟੈਲੀਫ਼ੋਨ ਦੀਆ ਮੁਖ ਰਚਨਾਵਾਂ ਐਸੇ ਪ੍ਰਸੰਗ ਹਨ ਜਿਨ੍ਹਾਂ ਵਿੱਚ ਹਰ ਸ਼ਰਧਾਵਾਨ ਦੀ ਆਪਣੇ ਰਹਿਬਰ ਉਤੇ ਅਸੀਮ ਸ਼ਰਧਾ ਹੈ। ਉਹ ਉਸਦੀ ਪੁਕਾਰ ਸੁਣ ਕੇ, ਕਿੰਨੀ ਵੀ ਦੂਰ ਬੈਠਾ ਹੋਵੇ, ਉਸਦੇ ਦੁੱਖ ਦਰਦ ਦੀ ਨਵਿਰਤੀ ਲਈ ਬਾਹੁੜਦਾ ਹੈ।

Namdhari Elibrary NamdhariElibrary@gmail.com